# ਕੈਨੇਡਾ ਦਰਪਣ

18 ਮਈ, 1984

**May 18, 1984**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

WEEKENDING MAY 18, 1984

Second Class Mail - Reg. No. 5991

ਕੀਮਤ 30¢

Out of Greater Vancouver Price 40¢

# ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

Vol. 3 No. 20 Weekending May 18, 1984

Editor's Res. PHONE. (604)321-6360

The Canada Darpan
Punjabi Weekly Newspaper

## ਪੰਜਾਬ ਵਿਚ ਹਿੰਸਾ ਜਾਰੀ

# ਅਸੈਂਬਲੀ ਮੈਂਬਰ ਲੱਖਾ ਸਿੰਘ ਤੇ ਕਾਤਲਾਨਾ ਹਮਲਾ — 4 ਵਿਅਕਤੀ ਕਤਲ

ਅੰਮ੍ਰਿਤਸਰ — ਵੈਰੋਵਾਲ ਪਿੰਡ ਵਿਚ ਗੋਲੀ ਚੱਲਣ ਨਾਲ ਕਾਂਗਰਸੀ ਐਮ.ਐਲ.ਏ. ਸ੍ਰ. ਲਖਾ ਸਿੰਘ ਤੇ ਕਾਤਲਾਨਾ ਹਮਲਾ ਹੋਇਆ ਜਿਸ ਵਿਚ ਲੱਖਾ ਸਿੰਘ ਜ਼ਖਮੀ ਹੋ ਗਿਆ, ਉਸ ਦੇ ਗੰਨ ਮੈਨ ਤੇ ਅੰਗ ਰਖਸ਼ਕ ਚੈਂਚਲ ਸਿੰਘ ਤੇ ਸੁਰਜੀਤ ਸਿੰਘ ਮਾਰੇ ਗਏ — ਇਸ ਵਿਚ ਦੋ ਸਿਖ ਅੱਤਵਾਦੀ ਲੱਖਾ ਸਿੰਘ ਤੇ ਗੁਰਮੇਜ਼ ਸਿੰਘ ਵੀ ਗੋਲੀਆਂ ਦਾ ਸ਼ਿਕਾਰ ਹੋ ਗਏ।

ਸਾਡੇ ਪੱਤਰ ਪ੍ਰੇਰਕ ਅਨੁਸਾਰ ਇਹ ਹਮਲਾ ਪੰਜ ਸਿਖ ਅੱਤਵਾਦੀਆਂ ਵਲੋਂ ਕੀਤਾ ਗਿਆ। ਉਸ ਸਮੇਂ ਲੱਖਾ ਸਿੰਘ ਐਮ.ਐਲ.ਏ. ਆਪਣੇ ਖੇਤਾਂ ਵਿਚ ਕਣਕ ਦੀ ਵਢਾਈ ਕਰਵਾ ਰਿਹਾ ਸੀ। ਗੰਨ ਮੈਨ ਚੈਂਚਲ ਸਿੰਘ ਤੇ ਅੰਗ ਰਖਸ਼ਕ ਸੁਰਜੀਤ ਸਿੰਘ ਥਾਂ ਤੇ ਹੀ ਮਾਰੇ ਗਏ। ਗੋਲੀਆਂ ਦੇ ਜਵਾਬੀ ਹਮਲੇ ਵਿਚ ਦੋ ਸਿਖ ਅਤਿਵਾਦੀ ਲੱਖਾ ਸਿੰਘ ਤੇ ਗੁਰਮੇਜ਼ ਸਿੰਘ ਵੀ ਮੌਕੇ ਤੇ ਹੀ ਦਮ ਤੋੜ ਗਏ। ਐਮ.ਐਲ.ਏ. ਲੱਖਾ ਸਿੰਘ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਗਈ ਹੈ।

## ਮੋਗੇ ਵਿਚ ਮਰਨ ਵਾਲਿਆਂ ਦੀ ਸ਼ਨਾਖਤ ਹੋ ਗਈ

ਮੋਗਾ — ਜਿਨ੍ਹਾਂ ਤਿੰਨ ਗੁਰਦੁਆਰਿਆਂ ਵਿਚ ਸਿਖ ਜੱਥਿਆਂ ਨੇ ਪਨਾਹ ਲਈ ਸੀ, ਉਨ੍ਹਾਂ ਵਿਚੋਂ ਤੇਰਾਂ ਹਥਿਆਰ ਬਰਾਮਦ ਹੋਏ ਹਨ ਅਤੇ 16 ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ। ਯਾਦ ਰਹੇ ਕਿ ਇਸ ਗੋਲੀ ਕਾਂਡ ਵਿਚ ਪਹਿਲਾਂ ਸੱਤ ਵਿਅਕਤੀਆਂ ਦੇ ਮਾਰੇ ਜਾਣ ਦੀ ਖਬਰ ਸੀ ਪਰ ਸਾਡੇ ਪੱਤਰ ਪ੍ਰੇਰਕ ਅਨੁਸਾਰ ਉਨ੍ਹਾਂ ਮਰਨ ਵਾਲਿਆਂ ਦੀ ਗਿਣਤੀ ਅੱਠ ਹੈ।

ਇਨ੍ਹਾਂ ਤਿੰਨਾਂ ਗੁਰਦੁਆਰਿਆਂ ਨੂੰ ਨੀਮ ਫੌਜੀ ਦਸਤਿਆਂ ਨੇ ਘੇਰਿਆ ਹੋਇਆ ਸੀ ਅਤੇ ਗੁਰਦੁਆਰਿਆਂ ਦਾ ਪਾਣੀ, ਬਿਜਲੀ ਬੰਦ ਕਰ ਦਿਤਾ ਗਿਆ ਸੀ। ਰਸਦ ਵੀ ਇਹਨਾਂ ਲੋਕਾਂ ਪਹੁੰਚਣੀ ਬੰਦ ਕਰ ਦਿਤੀ ਗਈ ਸੀ।

ਅੱਠ ਮਰਨ ਵਾਲਿਆਂ ਵਿਅਕਤੀਆਂ ਵਿਚ ਅਜੀਤਵਾਲ ਦਾ ਸਰਪੰਚ ਵੀ ਸ਼ਾਮਲ ਦੱਸਿਆ ਗਿਆ ਹੈ। ਜਿਹੜੇ ਵਿਅਕਤੀ ਪੁਲਸ ਗੋਲੀ ਨਾਲ ਮਰੇ ਹਨ ਉਨ੍ਹਾਂ ਵਿਚ ਢੁੱਡੀਕੇ ਪਿੰਡ ਦਾ ਮਲਕੀਤ ਸਿੰਘ ਪੁੱਤਰ ਰਾਮ ਸਿੰਘ, ਬਲਜੀਤ ਸਿੰਘ ਪੁੱਤਰ ਚਰਨ ਸਿੰਘ ਪਿੰਡ ਅਜੀਤਵਾਲ ਅਤੇ ਮਹੇਸਰੀ ਦਾ ਗੁਰਮੇਲ ਸਿੰਘ ਪੁੱਤਰ ਇੰਦਰ ਸਿੰਘ ਵੀ ਸ਼ਾਮਲ ਹੈ।

ਸਾਡੇ ਪੱਤਰਪ੍ਰੇਰਕ ਅਨੁਸਾਰ ਇਨ੍ਹਾਂ ਗੁਰਦੁਆਰਿਆਂ ਦਾ ਘੇਰਾਓ ਤੋੜਨ ਲਈ ਚਾਰ ਜੱਥੇ ਜਾਣੇ ਸਨ — ਇਕ ਅਜੀਤਵਾਲ ਤੋਂ, ਦੂਜਾ ਬੱਧਨੀ ਤੋਂ, ਤੀਜਾ ਮਹੇਸ਼ਰੀ ਤੋਂ, ਚੌਥਾ ਬੁੱਧ ਸਿੰਘ ਵਾਲਾ ਤੋਂ। ਇਹਨਾਂ ਜਥਿਆਂ ਦੀ ਅਗਵਾਈ ਤਖਤਾਂ ਦੇ ਜਥੇਦਾਰਾਂ ਨੇ ਕਰਨੀ ਸੀ ਪਰ ਇਕ ਦਿਨ ਪਹਿਲਾਂ ਹੀ ਨੀਮ ਫੌਜੀ ਦਸਤਿਆਂ ਨੇ ਕਾਰਵਾਈ ਕਰ ਲਈ।

ਸੰਤ ਲੌਂਗੋਵਾਲ ਦੇ ਬਿਆਨ ਅਨੁਸਾਰ ਮੋਗੇ ਵਿਚ ਕੋਈ ਵਿਅਕਤੀ ਆਪਣੇ ਆਪ ਪੇਸ਼ ਨਹੀਂ ਹੋਇਆ ਜਦ ਕਿ ਸਰਕਾਰੀ ਸੂਤਰਾਂ ਅਨੁਸਾਰ ਇਹ ਖਬਰ ਦਿਤੀ ਗਈ ਹੈ ਕਿ 16 ਵਿਅਕਤੀ 350 ਵਿਅਕਤੀਆਂ ਵਿਚੋਂ ਗ੍ਰਿਫਤਾਰ ਕੀਤੇ ਗਏ ਜਿਨ੍ਹਾਂ ਤੇ ਗੋਲੀ ਚਲਾਉਣ ਦਾ ਸ਼ੱਕ ਹੈ। ਪਰ ਇਹਨਾ ਗੁਰਦੁਆਰਿਆਂ ਵਿਚ ਪੁਲਸ ਦਾਖਲ ਹੋਈ ਤੇ ਉਨ੍ਹਾਂ ਉਥੋਂ ਹਥਿਆਰ ਵੀ ਕਬਜ਼ੇ ਵਿਚ ਲਏ।

ਅੰਦਰ ਪੜ੍ਹੋ :—
ਵੈਨਕੂਵਰ ਸੱਥ ਦਾ ਜਵਾਬ

## ਕਿਊਬਕ ਅਸੈਂਬਲੀ ਤੇ ਦਹਿਸ਼ਤਪਸੰਦ ਹਮਲਾ — 3 ਵਿਅਕਤੀ ਹਲਾਕ —13 ਜ਼ਖਮੀ

ਕਿਊਬਿਕ ਸਿਟੀ — 8 ਮਈ ਨੂੰ ਕਿਊਬਿਕ ਸਿਟੀ ਵਿਚ ਇਕ ਵਿਅਕਤੀ ਨੇ ਕਿਊਬਿਕ ਅਸੈਂਬਲੀ ਹਾਲ ਵਿਚ ਗੋਲੀਆਂ ਚਲਾਈਆਂ ਜਿਨ੍ਹਾਂ ਨਾਲ 3 ਵਿਅਕਤੀ ਹਲਾਕ ਹੋ ਗਏ ਅਤੇ 13 ਜ਼ਖਮੀ ਹੋਏ ਹਨ। ਇਸ ਘਟਨਾ ਨਾਲ ਕੈਨੇਡਾ ਦੀਆਂ ਸਾਰੀਆਂ ਅਸੈਂਬਲੀਆਂ ਤੇ ਹਾਊਸ ਆਫ ਕਾਮਨਜ਼ ਵਿਚ ਰਾਜਸੀ ਵਿਅਕਤੀਆਂ ਦੀ ਸੁਰਖਿਆ ਦੇ ਪ੍ਰਬੰਧ ਕਰੜੇ ਕੀਤੇ ਜਾਣ ਦੀ ਸੰਭਾਵਨਾ ਹੈ।

## ਸੁਪਰਸਟਾਰ ਰਾਜੇਸ਼ ਖੰਨਾ ਤੇ ਟੀਨਾ ਮੁਨੀਮ ਦੀ ਜੋੜੀ ਵੈਨਕੂਵਰ ਵਿਚ



ਵੈਨਕੂਵਰ — ਹਿੰਦੀ ਸਕਰੀਨ ਦਾ ਸੁਪਰਸਟਾਰਰਾਜੇਸ਼ ਖੰਨਾਂ 21 ਮਈ ਦੇ ਲੌਂਗ ਵੀਕਇੰਡ ਤੇ ਪ੍ਰਸਿਧ ਐਕਟ੍ਰੈਸ ਟੀਨਾ ਮੁਨੀਮ ਨਾਲ ਵੈਨਕੂਵਰ ਦੇ ਪੈਸੇਫਿਕ ਕੋਲੇਸੀਅਮ ਵਿਚ ਦਰਸ਼ਕਾਂ ਸਾਹਮਣੇ ਆਪਣੀ ਅਦਾਕਾਰੀ ਦਾ ਜਾਦੂ ਪੇਸ਼ ਕਰੇਗਾ। ਵੈਨਕੂਵਰ ਵਾਸੀਆਂ ਲਈ ਇਹ ਪਹਿਲਾ ਮੌਕਾ ਹੋਵੇਗਾ ਕਿ 'ਅਵਤਾਰ' ਵਰਗੀ ਕਾਮਯਾਬ ਫਿਲਮ ਦੇ ਪ੍ਰਸਿਧ ਹੀਰੋਰਾਜੇਸ਼ ਖੰਨਾਂ ਨੂੰ, ਜਿਸ ਨੂੰ ਇਸ ਫਿਲਮ ਲਈ 1983 ਦਾ ਵਧੀਆ ਐਕਟਰ ਇਨਾਮ ਮਿਲਿਆ ਹੈ, ਉਹ ਵੈਨਕੂਵਰ ਦੀ ਸਟੇਜ ਤੇ ਦੇਖ ਸਕਣਗੇ।

ਇਸ ਸ਼ੋਅ ਵਿਚ ਜਿਥੇ ਰਾਜੇਸ਼ ਖੰਨਾਂ , ਟੀਨਾ ਮੁਨੀਮ, ਪ੍ਰਾਣ, ਪਦਮਨੀ ਕੋਹਲਾਪੁਰੀ, ਸੁਲਖਸ਼ਨਾ ਪੰਡਿਤ ਅਦਾਕਾਰ ਹੋਣਗੇ ਉਥੇ 28 ਮੈਂਬਰਾਂ ਦੇ ਆਰਕੇਸਟਰਾ ਨਾਲ ਲਕਸ਼ਮੀ ਕਾਂਤ — ਪਿਆਰੇ ਲਾਲ ਦਿਲ ਖਿਚਵਾਂ ਸੰਗੀਤ ਰੂਹਾਂ ਤੇ ਜਾਦੂ ਕਰੇਗਾ। ਪ੍ਰਸਿੱਧ ਗਾਇਕ ਸੁਰੇਸ਼ ਵਾਡਕਰ, ਸ਼ਬੀਰ ਕੁਮਾਰ ਤੇ ਮਨਹਰ ਦੀਆਂ ਖੂਬਸੂਰਤ ਆਵਾਜ਼ਾਂ ਸਟੇਜ ਨੂੰ ਚਾਰ ਚੰਨ ਲਾਉਣਗੀਆਂ। ਦੇਵਨ ਬਰਮਾ ਵਰਗਾ ਕਾਮੇਡੀਅਨ ਹਸਾ ਹਸਾ ਤੁਹਾਡੇ ਢਿੱਡੀਂ ਪੀੜਾਂ ਪਾਵੇਗਾ। ਨੀਤੇਨ ਮੁਕੇਸ਼, ਅਨੁਰਾਧਾ, ਰਾਜੇਸ਼ਵਰੀ ਦੀਆਂ ਆਵਾਜ਼ਾਂ ਦਿਲ ਨੂੰ ਧੂਹਾਂ ਪਾਉਣਗੀਆਂ।

ਇਸ ਲਈ ਇਹ ਸ਼ੋਅ ਇਸ ਦਹਾਕੇ ਦਾ ਸਭ ਤੋਂ ਵਧ ਦਿਲ—ਪ੍ਰਚਾਵੇ ਵਾਲਾ ਸ਼ੋਅ ਹੋਵੇਗਾ।

ਬਿੰਦੂ ਦੇ ਆਉਣ ਦੀ ਵੀ ਚਰਚਾ ਹੋ ਰਹੀ ਹੈ।

## ਦੋਹਾਂ ਸੰਤਾਂ ਦੇ ਹਮਾਇਤੀਆਂ ਵਿਚ ਝੜੱਪਾਂ

ਅੰਮ੍ਰਿਤਸਰ — ਪੰਜਾਬ ਵਿਚ ਹਿੰਸਕ ਵਾਰਦਾਤਾਂ ਜਾਰੀ ਹਨ। ਪੁਲੀਸ ਦੀ ਇਕ ਇਤਲਾਹ ਅਨੁਸਾਰ ਦਰਬਾਰ ਸਾਹਿਬ ਦੇ ਅੰਦਰ ਸੰਤ ਭਿੰਡਰਾਂਵਾਲੇ ਦੇ ਹਮਾਇਤੀਆਂ ਅਤੇ ਸੰਤ ਲੌਂਗੋਵਾਲ ਦੇ ਹਮਾਇਤੀਆਂ ਵਿਚ ਝੜੱਪਾਂ ਹੋਈਆਂ — ਫੀਰੋਜ਼ਪੁਰ ਵਿਚ ਇਕ ਸਰਕਾਰੀ ਅਧਿਕਾਰੀ ਅਤੇ ਉਸ ਦੇ ਭਤੀਜੇ ਨੂੰ ਗੋਲੀ ਮਾਰ ਕੇ ਮਾਰ ਦਿਤਾ ਹੈ। ਸਮਾਚਾਰ ਅਨੁਸਾਰ ਅੰਮ੍ਰਿਤਸਰ ਵਿਚ ਦੋ ਘੰਟੇ ਲੜਾਈ ਹੁੰਦੀ ਰਹੀ। ਜਿਸ ਵਿਚ ਇਕ ਬੰਦਾ ਮਾਰਿਆ ਗਿਆ ਹੈ। ਸਤ ਹਿੰਦੂ ਆਰਗੇਨਾਈਜੇਸ਼ਨਾਂ ਨੇ ਪੰਜਾਬ ਵਿਚ ਜਾਰੀ ਹਿੰਸਾ ਖਤਮ ਕੀਤੇ ਜਾਣ ਦੀ ਮੰਗ ਕੀਤੀ ਹੈ। ਨਵੀਂ ਦਿੱਲੀ ਵਿਚ ਨੈਸ਼ਨਲ ਡੈਮੋਕਰੇਟਿਕ ਅਲਾਇਸ ਦੇ ਕਰਮਚਾਰੀਆਂ ਨੇ ਜਲੂਸ ਕੱਢੇ ਜਾਣ ਦੀ ਪਾਬੰਦੀ ਦੇ ਬਾਵਜੂਦ ਵੀ ਮੁਜ਼ਾਹਰਾ ਕੀਤਾ। 2000 ਤੋਂ ਵੀ ਵਧ ਵਿਅਕਤੀ ਗ੍ਰਿਫਤਾਰ ਕੀਤੇ ਗਏ। ਨੈਸ਼ਨਲ ਡੈਮੋਕਰੇਟਿਕ ਅਲਾਇੰਸ ਦਾ ਕਹਿਣਾ ਹੈ ਕਿ ਸਰਕਾਰ ਪੰਜਾਬ ਦੀ ਸਮਸਿਆ ਨੂੰ ਹੱਲ ਕਰਣ ਵਿਚ ਅਸਫਲ ਰਹੀ ਹੈ।

ਸਾਬਕਾ ਪ੍ਰਧਾਨ ਮੰਤਰੀ ਸ੍ਰੀ ਮੁਰਾਰਜੀ ਡੀਸਾਈ, ਆਰੀਆ ਪ੍ਰਤੀਨਿਧੀ ਸਭਾ ਦੇ ਪ੍ਰਧਾਨ ਸ੍ਰੀ ਰਾਮ ਗੁਪਾਲ ਸ਼ਾਲ ਵਾਲੇ ਅਤੇ ਉਪ ਪ੍ਰਧਾਨ ਰਾਮ ਚੰਦਰ ਇਹਨਾਂ ਸਭ ਨੇਤਾਵਾਂ ਨੇ ਪੰਜਾਬ ਨੂੰ ਫੌਜ ਦੇ ਹਵਾਲੇ ਕਰਨ ਦੀ ਮੰਗ ਕੀਤੀ ਹੈ

ਹਰਿਆਣੇ ਵਿਚ ਰਹਿ ਰਹੇ ਸਿੱਖਾਂ ਨੇ ਦਿੱਲੀ ਵਿਚ ਕੇਂਦਰੀ ਮੰਤਰੀ ਬੂਟਾ ਸਿੰਘ ਨਾਲ ਮੁਲਾਕਾਤ ਕੀਤੀ ਹੈ ਅਤੇ ਉਨ੍ਹਾਂ ਨੂੰ ਇਕ ਮੈਮੋਰੰਡਮ ਦਿਤਾ ਜਿਸ ਵਿਚ ਮੰਗ ਕੀਤੀ ਗਈ ਹੈ ਕਿ ਪਾਣੀਪੱਤ ਕਰਨਾਲ ਜੀਂਦ ਤਥਾ ਜਮਨਾ ਨਗਰ ਵਿਚ ਰਹਿਣ ਵਾਲੇ ਜਿਨ੍ਹਾਂ ਸਿੱਖਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਮੁਆਵਜ਼ਾ ਦਿਤਾ ਜਾਵੇ — ਉਹਨਾਂ ਨੇ ਹਰਿਆਣੇ ਵਿਚ ਰਹਿ ਰਹੇ ਸਿੱਖਾਂ ਦੀ ਸੁਰਖਸ਼ਾ ਦੇ ਸਖਤ ਪ੍ਰਬੰਧ ਕੀਤੇ ਜਾਣ ਦੀ ਵੀ ਮੰਗ ਕੀਤੀ ਹੈ।

**ਵਿਸ਼ੇਸ਼ —**
**ਪੰਜਾਬ ਦੇ ਰਾਜਸੀ ਪਿੜ ਵਿਚੋਂ —**
**ਲਖਵਿੰਦਰ ਜੌਹਲ**

## ਫਾਰਮਾਂ ਵਿਚ ਕੰਮ ਕਰਨ ਵਾਲਿਆਂ ਲਈ ਖੁਸ਼ਖਬਰੀ

- ਕੰਮ ਹੁਣ ਤੋਂ ਲੈ ਕੇ ਨਵੰਬਰ ਤੱਕ ਚੱਲੇਗਾ ਜੋ ਕਿ ਫਲੈਟ ਰੇਟ ਤੇ ਘੰਟਿਆਂ ਵਿਚ ਵੀ ਕੰਮ ਹੋਵੇਗਾ।
- ਵਰਕਰਾਂ ਦੇ ਕੰਮ ਤੇ ਜਾਣ ਆਉਣ ਵਾਸਤੇ ਪੂਰੀ ਸਹੂਲਤ ਹੋਵੇਗੀ।
- ਵਰਕਰਾਂ ਦੀ ਸੇਫਟੀ ਲਈ ਕੰਮਪਨਜੇਸ਼ਨ ਕਵਰ ਹੋਵੇਗਾ
- ਤਨਖਾਹ ਦੋ ਹਫਤੇ ਬਾਅਦ ਦਿੱਤੀ ਜਾਵੇਗੀ
- ਵਰਕਰਾਂ ਨੂੰ ਉਹਨਾਂ ਦੇ ਘਰਾਂ ਤੋਂ ਚੁੱਕਿਆ ਤੇ ਘਰ ਹੀ ਉਤਾਰਿਆਂ ਜਾਵੇਗਾ।
- ਵਰਕਰਾਂ ਲਈ ਕੰਮ ਤੇ ਵਾਸ਼ਰੂਮ ਦਾ ਪੂਰਾ ਪ੍ਰਬੰਧ ਹੋਵੇਗਾ।

ਹੋਰ ਜਾਣਕਾਰੀ ਲਈ :

**Bining Enterprises Ltd.**

ਮੇਜਰ ਸਿੰਘ ਫੋਨ : 581-1430
ਜਾਂ 584-0726

ਕੈਨੇਡਾ ਦਰਪਣ

## ਕਾਮਰੇਡ ਸੁਰਜੀਤ ਦਾ 20 ਦਿਨ ਦਾ ਕੈਨੇਡਾ-ਅਮਰੀਕਾ ਦਾ ਸਫਲ ਦੌਰਾ

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਦੇ ਸੱਦੇ ਉਪਰ, ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ 9 ਅਪ੍ਰੈਲ ਤੋਂ ਉਤਰੀ ਅਮਰੀਕਾ ਦਾ ਦੌਰਾ ਸ਼ੁਰੂ ਕੀਤਾ। ਉਨ੍ਹਾਂ ਪਹਿਲਾਂ ਤਿੰਨ ਦਿਨ ਲਈ ਕੈਲੇਫੋਰਨੀਆਂ ਦੇ ਉਨ੍ਹਾਂ ਸ਼ਹਿਰਾਂ ਦਾ ਦੌਰਾਂ ਕੀਤਾ ਜਿਥੇ ਭਾਰਤੀ-ਪੰਜਾਬੀ ਲੋਕ ਵਸਦੇ ਹਨ, ਉਨ੍ਹਾਂ ਨਾਲ, ਸੁਰਜੀਤ ਹੋਰਾਂ ਦੇਸ਼ ਦੀ ਹੁਣ ਦੀ ਹਾਲਤ ਉਪਰ ਵਿਚਾਰਾਂ ਕੀਤੀਆਂ। ਇਨ੍ਹਾਂ ਦਾ ਪ੍ਰਭਾਵ ਸੀ ਕਿ ਲੋਕ ਫਿਰਕੂ ਪਰਚਾਰ ਦੇ ਬੜੀ ਹੱਦ ਤੱਕ ਸ਼ਕਾਰ ਹਨ। ਪ੍ਰੰਤੂ ਬਹੁਤ ਸਾਰੇ ਲੋਕਾਂ ਨੇ ਪੰਜਾਬ ਦੀ ਹੁਣ ਦੀ ਦੁੱਖਦਾਈ ਦਸ਼ਾ ਉਪਰ ਚਿੰਤਾ ਪ੍ਰਗਟ ਕੀਤੀ।

ਉਪਰੰਤ ਉਨ੍ਹਾਂ ਵਿਲੀਅਮਜ਼ ਲੇਕ ਵਿਚ ਇਕ ਪਬਲਿਕ ਮੀਟਿੰਗ ਅਤੇ ਇਕ ਹੋਰ ਵੱਖਰੀ ਹਾਊਸ ਮੀਟਿੰਗ ਨੂੰ ਸੰਬੋਧਨ ਕੀਤਾ। ਜਿਸ ਵਿਚ ਉਨ੍ਹਾਂ ਕੇਂਦਰੀ ਸਰਕਾਰ ਤੇ ਦੋਸ਼ ਲਾਇਆ ਕਿ ਅੱਜ ਦੀ ਹਾਲਤ ਬਣਨ ਦੀ ਉਹ ਜ਼ਿਮੇਂਵਾਰ ਹੈ। ਉਨ੍ਹਾਂ ਅਤਿਵਾਦੀਆਂ ਦੀ ਕਤਲੋਗਾਰਤ ਨੂੰ ਵੀ ਭੰਡਿਆ ਕਿ ਉਹ ਲੋਕਾਂ ਵਿਚ ਧਰਮ ਦੇ ਆਧਾਰ ਉਪਰ ਨਫਰਤ ਫੈਲਾ ਰਹੇ ਹਨ। ਕੁਨੈਲ ਵਿਚ ਉਨ੍ਹਾਂ ਦੋ ਮੀਟਿੰਗਾਂ ਕੀਤੀਆਂ, ਇਕ ਸਵੇਰੇ ਅਤੇ ਇਕ ਤਕਾਲਾਂ ਨੂੰ; ਕੋਸ਼ਿਸ਼ ਇਹ ਕੀਤੀ ਗਈ ਕਿ ਦੋਵਾਂ ਸਿਫਟਾਂ ਵਿਚ ਕੰਮ ਕਰਨ ਵਾਲੇ ਵੱਧ ਤੋਂ ਵੱਧ ਲੋਕ ਮੀਟਿੰਗਾਂ ਵਿਚ ਭਾਗ ਲੈ ਸਕਣ। ਵਿਲੀਅਮਜ਼ ਲੇਕ ਦੀਆਂ ਮੀਟਿੰਗਾਂ ਦਾ ਪ੍ਰਬੰਧ ਰਣਜੀਤ ਸਿੰਘ ਸੰਧੂ, ਅਜੀਤ ਸਿੰਘ ਭੰਡਾਲ, ਅਜੀਤ ਸਿੰਘ ਘੁੱਗ ਅਤੇ ਹੋਰ ਸਾਥੀਆਂ ਨੇ ਕੀਤਾ। ਕੁਨੈਲ ਵਿਚ ਸੁਰਜੀਤ ਸਿੰਘ ਬੋਪਾਰਾਏ ਅਤੇ ਉਨ੍ਹਾਂ ਦੇ ਸਾਥੀਆਂ ਨੇ ਮੀਟਿੰਗਾਂ ਦਾ ਪ੍ਰਬੰਧ ਕੀਤਾ।

ਐਡਮੈਂਟਨ ਵਿਚ ਕੁਲ ਚਾਰ ਮੀਟਿੰਗਾਂ ਕੀਤੀਆਂ ਗਈਆਂ, ਐਡਮੈਂਟਨ ਯੂਨੀਵਰਸਿਟੀ ਵਿਚ ਪ੍ਰੋਫੈਸਰਾਂ, ਟੀਚਰਾਂ ਅਤੇ ਬੁੱਧੀਜੀਵੀਆਂ ਦੇ ਇਕ ਸੈਮੀਨਾਰ ਨੂੰ ਸੰਬੋਧਨ ਕੀਤਾ। ਜਿਸ ਵਿਚ ਉਨ੍ਹਾਂ ਦੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਸਵਾਲਾਂ ਦੇ ਉਤਰ ਵੀ ਦਿਤੇ। ਇਕ ਮੀਟਿੰਗ ਵਿਚ ਵੱਖੋ ਵਖ ਵਿਚਾਰਾਂ ਦੀਆਂ ਪਾਰਟੀਆਂ ਨਾਲ ਸੰਬੰਧਤ ਭਾਰਤੀ ਲੋਕਾਂ ਦੇ ਨਾਲ ਵਿਚਾਰ ਵਿਟਾਂਦਰਾ ਕੀਤਾ ਗਿਆ ਅਤੇ ਉਨ੍ਹਾਂ ਦੇ ਸਵਾਲਾਂ ਦੇ ਉਤਰ ਦਿੱਤੇ ਗਏ। ਬਾਅਦ ਵਿਚ ਇਕ ਪਬਲਿਕ ਮੀਟਿੰਗ ਕੀਤੀ ਗਈ, ਜਿਸ ਵਿਚ ਉਨ੍ਹਾਂ ਮੁੱਖ ਤੌਰ ਤੇ ਪੰਜਾਬ ਦੇ ਹਾਲਾਤ ਬਾਰੇ ਦੱਸਿਆ ਕਿ ਸਰਕਾਰ ਆਪਣੇ ਤਗ ਰਾਜਸੀ ਲਾਭਾਂ ਲਈ, ਪੰਜਾਬ ਦਾ ਮਸਲਾ ਹੱਲ ਨਹੀਂ ਕਰ ਰਹੀ।

20 ਅਪਰੈਲ ਨੂੰ ਵੈਨਕੂਵਰ ਵਿਚ ਇਕ ਵਿਸ਼ਾਲ ਪਬਲਿਕ ਰੈਲੀ ਨੂੰ ਕਾਮਰੇਡ ਸੁਰਜੀਤ ਨੇ ਸੰਬੋਧਨ ਕੀਤਾ। (ਇਸ ਰੈਲੀ ਦੀ ਰੀਪੋਰਟ ਵਿਸਤਾਰ ਪੂਰਬਕ 11 ਮਈ ਦੇ ਕੈਨੇਡਾ ਦਰਪਣ ਵਿਚ ਦਿੱਤੀ ਜਾ ਚੁੱਕੀ ਹੈ।)

23 ਅਪਰੈਲ ਨੂੰ ਉਨ੍ਹਾਂ ਵਿੰਨੀਪੈਗ ਵਿਚ ਇਕ ਮੀਟਿੰਗ ਵਿਚ ਪੰਜਾਬ ਦੇ ਮਸਲੇ ਸੰਬੰਧੀ ਵਿਸਤਾਰ ਨਾਲ ਦੱਸਿਆ ਅਤੇ ਲੋਕਾਂ ਦੇ ਸਵਾਲਾਂ ਦੇ ਉਤਰ ਦਿਤੇ। ਇਹ ਮੀਟਿੰਗ ਸਾਥੀ ਰਾਜਿੰਦਰ ਸਿੰਘ ਧਾਲੀਵਾਲ ਅਤੇ ਉਨ੍ਹਾਂ ਦੇ ਸਾਥੀਆਂ ਦੇ ਯਤਨਾਂ ਨਾਲ ਕੀਤੀ ਗਈ।

ਟਰਾਂਟੋ ਅਤੇ ਵਿੰਡਸਰ ਵਿਚ ਦੋ ਹੋਰ ਮੀਟਿੰਗਾਂ ਨੂੰ ਸੁਰਜੀਤ ਹੋਰਾਂ ਸੰਬੋਧਨ ਕੀਤਾ। ਲੋਕ ਪੰਜਾਬ ਦੇ ਮਸਲੇ ਦਾ ਛੇਤੀ ਹੱਲ ਨਿਕਲਣ ਦੀ ਉਡੀਕ ਵਿਚ ਹਨ, ਪ੍ਰੰਤੂ ਉਹ ਨਰਾਸ਼ ਹਨ ਕਿ ਸਰਕਾਰ ਗੱਲ ਨੂੰ ਕਿਸੇ ਪਾਸੇ ਨਹੀਂ ਲਾ ਰਹੀ ਸਗੋਂ ਇਕ ਤਰਾਂ ਨਾਲ ਅਤਿਵਾਦੀਆਂ ਨੂੰ ਵਧਣ ਫੁੱਲਣ ਅਤੇ ਬੇਗੁਨਾਹਾਂ ਦੀਆਂ ਜਾਨਾਂ ਨਾਲ ਖੇਲਣ ਦਾ ਮੌਕਾ ਦੇ ਰਹੀ ਹੈ।

27 ਅਪਰੈਲ ਨੂੰ ਕਾਮਰੇਡ ਸੁਰਜੀਤ ਭਾਰਤ ਜਾਣ ਲਈ ਇੰਗਲੈਂਡ ਰਵਾਨਾ ਹੋ ਗਏ। ਜਾਣ ਸਮੇਂ ਉਨ੍ਹਾਂ ਕੈਨੇਡਾ ਅਮਰੀਕਾ ਵਿਚ ਵਸਦੇ ਭਾਰਤੀ ਲੋਕਾਂ ਦੇ ਨਾਂ ਆਪਣਾ ਸੁਨੇਹਾ ਦਿੱਤਾ।

## ਗੁਰਦਾਸ ਮਾਨ ਦਾ ਕਾਮਯਾਬ ਸ਼ੋਅ

ਵੈਨਕੂਵਰ — ਐਤਵਾਰ ਨੂੰ ਹੋਏ ਗੁਰਦਾਸ ਮਾਨ ਦੇ ਸ਼ੋਅ ਨੇ ਪੰਜਾਬੀ ਬੋਲੀ ਤੇ ਪੰਜਾਬੀ ਕਲਚਰ ਦਾ ਨਾਂ ਉਚਾ ਕੀਤਾ ਹੈ। ਦਰਸ਼ਕਾਂ ਅਨੁਸਾਰ ਅਜਿਹੇ ਗੰਭੀਰ ਗੀਤਕਾਰਾਂ ਨੂੰ ਪੇਸ਼ ਕਰਨਾ ਹੀ ਅਸਲ ਵਿਚ ਪੰਜਾਬੀਆਂ ਦਾ ਮਕਸਦ ਹੋਣਾ ਚਾਹੀਦਾ ਹੈ। ਗੁਰਦਾਸ ਮਾਨ ਅੱਜ ਪੰਜਾਬੀ ਦੇ ਚੋਟੀ ਦੇ ਗਾਇਕਾਂ ਵਿਚ ਗਿਣਿਆ ਜਾਂਦਾ ਹੈ। ਗੁਰਦਾਸ ਮਾਨ ਦੇ ਗੀਤਾਂ ਦੇ ਸੂਫੀਆਨਾ ਰੰਗ ਨੇ ਕੁਈਨ ਐਲਿਜ਼ਬੈਥ ਥੀਏਟਰ ਵਿਚ ਕਈ ਘੰਟੇ ਰੰਗ ਬੰਨ੍ਹੀ ਰਖਿਆ, ਲਚਰ ਗੀਤਾਂ ਦੀ ਰੋਕ ਅਜਿਹੇ ਗੀਤਕਾਰਾਂ ਨੂੰ ਪੇਸ਼ ਕਰਕੇ ਹੀ ਕੀਤੀ ਜਾ ਸਕਦੀ ਹੈ।

ਦੋ ਹਜ਼ਾਰ ਦੇ ਕਰੀਬ ਸਰੋਤਿਆਂ ਨੇ ਗੁਰਦਾਸ ਮਾਨ ਤੇ ਉਸਦੀ ਪਾਰਟੀ ਨੂੰ ਲਗਾਤਾਰ ਤਾੜੀਆਂ ਨਾਲ ਜੀਅ ਆਇਆਂ ਕਿਹਾ।

ਇਸ ਸ਼ੋਅ ਲਈ ਨਾਇਬ ਸਿੰਘ ਬਰਾੜ ਅਤੇ ਪ੍ਰਬੰਧਕੀ ਸੱਜਣ ਵਧਾਈ ਦੇ ਪਾਤਰ ਹਨ।

## ਜੋ ਸਰਕਾਰ ਮੱਛਰ ਨਹੀਂ ਮਾਰ ਸਕਤੀ ਵੋ.........

ਨਵੀਂ ਦਿਲੀ, — (ਯੂ. ਐਨ. ਆਈ.) ਕਈ ਅਪੋਜ਼ੀਸ਼ਨ ਮੈਂਬਰਾਂ ਨੇ ਲੋਕ ਸਭਾ ਸਪੀਕਰ ਕੋਲ ਰਾਜਧਾਨੀ ਵਿਚ ਮਛਰਾਂ ਦੀ ਵਧ ਰਹੀ ਫੌਜ ਬਾਰੇ ਸ਼ਿਕਾਇਤ ਕੀਤੀ.

ਰਾਮ ਵਿਲਾਸ ਪਾਸਵਾਨ ਨੇ ਇਸ ਬਾਰੇ ਬਹਿਸ ਦੀ ਮੰਗ ਕਰਦਿਆਂ ਕਿਹਾ "ਜੋ ਸਰਕਾਰ ਮਛਰ ਨਹੀਂ ਮਾਰ ਸਕਤੀ ਹੈ ਵੋ ਕਯਾ ਕਰੇਗੀ ?" ਤਾਂ ਵੀ, ਸਪੀਕਰ ਨੇ ਕੋਈ ਟਿਪਣੀ ਨਹੀਂ ਕੀਤੀ.




## ਪ੍ਰਵਾਸੀਆਂ ਲਈ 'ਸਹੂਲਤੀ ਸ਼ਾਦੀਆਂ' ਤੇ ਪਾਬੰਦੀ

ਵੈਨਕੂਵਰ — ਗਲੋਬ ਐਂਡ ਮੇਲ ਦੀ ਇਕ ਖਬਰ ਅਨੁਸਾਰ ਹੁਣ ਇਮੀਗਰੇਸ਼ਨ ਦੇ ਫੈਡਰਲ ਅਧਿਕਾਰੀਆਂ ਨੂੰ ਇਹ ਅਧਿਕਾਰ ਵੀ ਦੇ ਦਿਤੇ ਗਏ ਹਨਕਿ ਉਹ ਕਿਸੇ ਵੀ ਕੈਨੇਡੀਅਨ ਸ਼ਹਿਰੀ ਨਾਲ 'ਸਹੂਲਤੀ ਸ਼ਾਦੀ' ਲਈ ਆਉਣ ਵਾਲੇ ਕਿਸੇ ਵੀ ਪ੍ਰਵਾਸੀ ਦੀ ਸਪੋਂਸਿਰਸ਼ਿਪ ਦਰਖਾਸਤ ਨੂੰ ਨਾ ਮਨਜ਼ੂਰ ਕਰ ਦੇਵੇ।

ਫਰਵਰੀ ਵਿਚ ਪਾਸ ਕੀਤੇ ਗਏ ਅਤੇ ਪਹਿਲੀ ਅਪ੍ਰੈਲ ਤੋਂ ਲਾਗੂ ਹੋਏ ਕੈਬਨਿਟ ਦੇ ਹੁਕਮ ਅਨੁਸਾਰ ਕੋਈ ਵੀ ਹੋਣਵਾਲਾ ਪ੍ਰਵਾਸੀ ਜੋ ਕਿਸੇ ਕੈਨੇਡੀਅਨ ਸ਼ਹਿਰੀ ਅਥਵਾ ਪ੍ਰਵਾਸੀ ਨਾਲ ਵਿਆਹ ਕੈਨੇਡਾ ਵਿਚ ਦਾਖਲ ਹੋਣ ਦੀ ਸਹੂਲਤ ਲਈ ਕਰਦਾ ਹੈ, ਸਪੋਂਸਿਰਸ਼ਿਪ ਦਾ ਅਧਿਕਾਰੀ ਹੀ ਨਹੀਂ ਹੈ ਜੋ ਉਸਦੀ ਹੋਣ ਵਾਲੀ ਪਤਨੀ ਅਥਵਾ ਪਤੀ ਵਲੋਂ ਕੀਤੀ ਜਾਣੀ ਹੈ। ਜਿਨ੍ਹਾਂ ਦੇ ਮੰਗਣੇ ਕੈਨੇਡੀਅਨਜ਼ ਨਾਲ ਕੇਵਲ ਕੈਨੇਡਾ ਵਿਚ ਦਾਖਲੇ ਲਈ ਹੋਏ ਹਨ ਇਹ ਹੁਕਮ ਉਨ੍ਹਾਂ ਤੇ ਵੀ ਲਾਗੂ ਹੈ ਉਨ੍ਹਾਂ ਨੂੰ ਵੀਜ਼ਾ ਕੈਨੇਡਾ ਵਿਚ ਦਾਖਲੇ ਲਈ ਨਹੀਂ ਦਿਤਾ ਜਾਵੇਗਾ। ਇਮੀਗਰੇਸ਼ਨ ਕਾਨੂੰਨ ਦੇ ਅਧੀਨ ਇਹ ਹੁਕਮ ਫੈਡਰਲ ਕੋਰਟ ਦੇ ਇਕ ਰੂਲ ਦੀ ਵਿਰੋਧਤਾ ਲਈ ਪਾਸ ਕੀਤਾ ਗਿਆ ਜਿਸ ਵਿਚ ਵੈਨਕੂਵਰ ਦੀ ਇਕ ਇਸਤਰੀ ਅਤੇ ਇਕ ਭਾਰਤੀ ਵਿਚਕਾਰ 'ਸਹੂਲਤੀ ਸ਼ਾਦੀ' ਉਸ ਦੇ ਪੱਕੇ ਤੌਰ ਤੇ ਕੈਨੇਡਾ ਵਿਚ ਰਹਿਣ ਦੀ ਰਾਹ ਵਿਚ ਰੁਕਾਵਟ ਨਹੀਂ ਹੈ।

ਇਮੀਗਰੇਸ਼ਨ ਕਾਨੂੰਨ ਇਕ ਹੋਣ ਵਾਲੇ ਪ੍ਰਵਾਸੀਨੂੰ ਜਿਸ ਨੇ ਇਕ ਕੈਨੇਡੀਅਨ ਸ਼ਹਿਰੀ ਜਾਂ ਪ੍ਰਵਾਸੀ ਨਾਲ ਸ਼ਾਦੀ ਕੀਤੀ ਹੈ ਉਸਦੀ ਪਤਨੀ ਜਾਂ ਪਤੀ ਵਲੋਂ ਸਪੋਂਸਰ ਕਰਨ ਦਾ ਅਧਿਕਾਰ ਦਿੰਦਾ ਹੈ। ਜਦ ਤਕ ਕੋਰਟ ਵਿਚ ਅਜੇਹੀ ਸ਼ਾਦੀ ਨੂੰ ਮੰਨੇ ਜਾਣ ਨੂੰ ਚੈਲੰਜ ਨਾ ਕੀਤਾ ਹੋਵੇ ਇਮੀਗਰੇਸ਼ਨ ਅਫਸਰ ਸ਼ਾਦੀਆਂ ਨੂੰ ਵਾਜਬ ਨਾ ਸਮਝਦੇ ਹੋਏ ਸਪੋਂਸਰਸ਼ਿਪ ਦੀਆਂ ਦਰਖਾਸਤਾਂ ਨਾ ਮਨਜ਼ੂਰ ਕਰਦੇ ਸਨ।

ਇਸ ਲਈ ਜੋੜੇ ਦੇ ਕਲਚਰ ਦੇ ਪਿਛੋਕੜ ਨੂੰ ਵੀ ਦੇਖਿਆ ਜਾਂਦਾ ਸੀ। ਆਪਸੀ ਜਾਣ ਪਛਾਣ ਦੇ ਅਰਸੇ ਅਤੇ ਉਮਰਾਂ ਦੇ ਫਰਕ ਨੂੰ ਵੀ ਪੜਤਾਲਿਆ ਜਾਂਦਾ ਸੀ।

ਕੋਰਟ ਨੇ ਇਮੀਗਰੇਸ਼ਨ ਅਧਿਕਾਰੀਆਂ ਨੂੰ ਖਬਰਦਾਰ ਕੀਤਾ ਸੀ ਕਿ 'ਸਹੂਲਤੀ ਸ਼ਾਦੀਆਂ' ਵਿਚ ਸਪੋਂਸਰਸ਼ਿਪ ਦੀ ਦਰਖਾਸਤਾਂ ਨੂੰ ਰੱਦ ਕਰਨ ਦਾ ਉਨ੍ਹਾਂ ਦਾ ਹੱਕ ਨਹੀਂ। ਕੈਨੇਡਾ ਦੀ ਸੁਪਰੀਮ ਕੋਰਟ ਨੂੰ ਦਰਖਾਸਤ ਦੇਣ ਦੀ ਬਜਾਏ ਗੌਰਮਿੰਟ ਨੇ ਕਾਨੂੰਨ ਹੀ ਬਦਲਣਾ ਯੋਗ ਸਮਝਿਆ।

ਲੇਨ ਵੈਸਟਰਬਰਗ, ਇਮੀਗਰੇਸ਼ਨ ਮਹਿਕਮੇ ਦੇ ਇਕ ਬੁਲਾਰੇ ਨੇ ਇਕ ਇੰਟਰਵੀਊ ਵਿਚ ਕਿਹਾ ਕਿ ਕਈ ਕਲਚਰਾਂ ਅਨੁਸਾਰ arranged ਸ਼ਾਦੀਆਂ ਪਤਨੀਆਂ ਅਥਵਾ ਪਤੀਆਂ ਤੇ ਇਹਨਾਂ ਤਬਦੀਲੀਆਂ ਦਾ ਕੋਈ ਅਸਰ ਨਹੀਂ ਹੋਵੇਗਾ।

ਕੇਂਦਰ ਵਲੋਂ ਅਪ੍ਰੈਲ ਅਤੇ ਅਕਤੂਬਰ 83 ਵਿਚਕਾਰ ਕੀਤੀ ਗਈ ਇਕ ਘੋਖ ਅਨੁਸਾਰ ਇਸ ਪ੍ਰਕਾਰ (spouse ਵਲੋਂ ਸਪੋਂਸਰ) ਦੀਆਂ 11 ਫੀ ਸਦੀ immigration ਲਈ ਦਰਖਾਸਤਾਂ ਵਿਚੋਂ 36 'ਸਹੂਲਤੀ ਸ਼ਾਦੀਆਂ' ਲਈ ਸਨ ਜਿਸਨੂੰ ਕਿ ਪਤੀ ਪਤਨੀ 'ਚੋਂ ਇਕ ਨੇ ਜਾਂ ਦੋਹਾਂ ਨੇ ਕਬੂਲਿਆ ਹੈ। ਇਨ੍ਹਾਂ ਵਿਚ 256 ਹੋਰ ਸ਼ੱਕੀ ਕੇਸ ਵੀ ਸਨ।

ਗੌਰਮਿੰਟ ਦਾ ਕਾਨੂੰਨ ਨੂੰ ਬਦਲ ਦੇਣਾ, ਇਮੀਗਰੇਸ਼ਨ ਦੇ ਵਕੀਲਾਂ ਦੀ ਨਾਰਾਜ਼ਗੀ ਦਾ ਕਾਰਨ ਬਣਿਆ ਜੋ ਇਹ ਮਹਿਸੂਸ ਕਰਦੇ ਹਨ ਕਿ ਇਨ੍ਹਾਂ ਸ਼ਾਦੀਆਂ ਦੇ ਹਾਲਾਤ ਤੇ ਸਰਕਾਰ ਦਾ ਕੋਈ ਹੱਥ ਨਹੀਂ ਹੈ।


## ਪੰਜਾਬੀ ਗਾਈਡ (ਵਰਕ-ਬੁੱਕ)

ਕੈਨੇਡਾ ਤੇ ਅਮਰੀਕਾ ਵਿਚ ਵੱਡੀ ਹੋ ਰਹੀ ਪੰਜਾਬੀਆਂ ਦੀ ਨਵੀਂ ਪੀੜ੍ਹੀ ਲਈ ਪੰਜਾਬੀ ਸਿੱਖਣ ਵਾਸਤੇ ਪੰਜਾਬੀ ਗਾਈਡ ਤਿਆਰ ਕੀਤੀ ਗਈ ਹੈ। ਇਸ ਗਾਈਡ ਵਿਚ ਨਵੇਂ ਢੰਗ ਨਾਲ ਪੰਜਾਬੀ ਲਿਖਣ ਦੀ ਜਾਚ ਸਿਖਾਈ ਗਈ ਹੈ। ਇਹ ਗਾਈਡ ਪੰਜਾਬੀ ਟੀਚਰ ਦਾ ਕੰਮ ਕਰਦੀ ਹੈ। ਪੰਜਾਬੀ ਵਰਕ-ਬੁੱਕ ਹੈ।

ਇਹ ਗਾਈਡ ਸਰਦਾਰ ਕੇਸਰ ਸਿੰਘ ਨਾਵਲਿਸਟ ਦੀ ਮਿਹਨਤ ਦਾ ਨਤੀਜਾ ਹੈ। ਹੇਠ ਲਿਖੇ ਪਤੇ ਤੋਂ ਦਸ ਡਾਲਰ ਦਾ ਚੈਕ ਭੇਜ ਕੇ ਮੰਗਵਾ ਸਕਦੇ ਹੋ :—

KESAR SINGH
13487 - 98 A Ave.
SURREY, B.C. CANADA
V3T 1C7
Ph. (604) 581-3185



## ਸਭਿਆਚਾਰਕ ਪ੍ਰੋਗਰਾਮ

13 ਮਈ, ਦਿਨ ਐਤਵਾਰ
ਦੁਪਹਿਰ 1 ਵਜੇ
ਜਗ੍ਹਾ : ਮਿਸ਼ਨ ਸੈਂਟਰਲ ਸਕੂਲ, ਮਿਸ਼ਨ
(ਜੇਮਜ਼ ਸਟਰੀਟ ਤੇ 4 ਐਵੇਨਿਊ ਦੇ ਕਾਰਨਰ ਤੇ)
ਪ੍ਰੋਗਰਾਮ ਵਿਚ 2 ਡਰਾਮੇ, ਭੰਗੜਾ ਅਤੇ ਗੀਤ ਸੰਗੀਤ ਹੋਵੇਗਾ

ਡਰਾਮੇ :—

- ਸ਼ਹੀਦ ਦੀ ਵਾਪਸੀ
- ਹਵਾਈ ਗੋਲੇ

ਹੋਰ ਜਾਣਕਾਰੀ ਲਈ ਫੋਨ ਕਰੋ :—
ਜੋਗਿੰਦਰ ਔਲਖ (ਮਿਸ਼ਨ) 826-4888
ਹਰਨਾਮ ਸਿੰਘ ਸਿੱਧੂ (ਐਬਟਸਫੋਰਡ) 854-1307
ਜਾਂ ਯੂਨੀਅਨ ਦਫਤਰ — 430-6055

ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ
4730 ਇਮਪੀਰੀਅਲ ਸਟਰੀਟ, ਬਰਨਬੀ, ਬੀ. ਸੀ.



FREE GIFT

S. & S. INSURANCE 324-2311


ਦਲਜੀਤ ਸਿੰਘ ਸਿੱਧੂ

Two Locations to Serve You
6658 Main St. Vancouver, B.C.
5936 Fraser St. Vancouver, B.C.

FREE GIFT

ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫ਼ਰਕ ਦੋਸਤੀ ਭਰੇ ਮਾਹੌਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ

Autoplan
1984 INSURANCE & LICENCE

RENEW EARLY INSURANCE
* FINANCING AVAILABLE
* SAFE DRIVING DISCOUNT (if eligible)

FRASER Ph. 321-6442


ਹਰਦੇਵ ਸਿੰਘ ਗਿੱਲ

324-5711

# ਪੰਜਾਬ ਦਰਪਣ

## ਤਰਨਤਾਰਨ ਵਿਚ ਨਿਰੰਕਾਰੀ ਗੋਲੀਆਂ ਦਾ ਸ਼ਿਕਾਰ

ਤਰਨਤਾਰਨ — ਇਥੇ ਇਕ ਨਿਰੰਕਾਰੀ ਜਸਵੰਤ ਸਿੰਘ ਨੂੰ ਗੋਲੀ ਮਾਰੀ ਗਈ ਤੇ ਉਸਨੂੰ ਜ਼ਖਮੀ ਹਾਲਤ ਵਿਚ ਗੁਰੂ ਤੇਗ ਬਹਾਦਰ ਹਸਪਤਾਲ ਪਹੁੰਚਾਇਆ ਗਿਆ ਹੈ ਜਿਥੇ ਉਸਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ।

## ਪਟਿਆਲੇ ਵਿਚ ਦਰਜ਼ੀ ਦੀ ਦੁਕਾਨ ਤੇ ਹੈਂਡ ਗਰਨੇਡ

ਪਟਿਆਲੇ ਵਿਚ ਇਕ ਦਰਜ਼ੀ ਦੀ ਦੁਕਾਨ ਤੋਂ ਦੋ ਹੈਂਡ ਗਰਨੇਡ ਫੜੇ ਗਏ। ਪੁਲਸ ਇਨ੍ਹਾਂ ਬਾਰੇ ਪੜਤਾਲ ਕਰ ਰਹੀ ਦੱਸੀ ਗਈ ਹੈ।

## ਇਕ ਲੱਖ ਰੁਪਏ ਦਾ ਡਾਕਾ

ਸ਼ਾਹਕੋਟ ਦੇ ਲਾਗੇ ਪਿੰਡ ਲਸੂੜੀ ਦੇ ਰਾਮਪ੍ਰਕਾਸ਼ ਗੁਪਤਾ ਦੇ ਘਰ ਡਾਕਾ ਪਿਆ ਤੇ ਡਾਕੂਆਂ ਨੇ ਰਾਮਪ੍ਰਕਾਸ਼ ਗੁਪਤਾ ਤੇ ਉਸਦੀ ਘਰਵਾਲੀ ਦੀ ਕੁੱਟਮਾਰ ਵੀ ਕੀਤੀ। ਸ੍ਰੀ ਰਾਮ ਪ੍ਰਕਾਸ਼ ਦੇ ਘਰੋਂ ਲੁਟੇਰੇ ਇਕ ਲੱਖ ਦਾ ਗਹਿਣਾ ਗੱਟਾ ਤੇ ਨਕਦੀ ਲੈ ਗਏ।

## ਤਲਵੰਡੀ ਭਾਈ ਵਿਚ ਦੋਧੀ ਦੀ ਲਾਸ਼ ਬਰਾਮਦ

ਤਲਵੰਡੀ ਭਾਈ ਵਿਚ ਇਕ ਦੋਧੀ ਦੀ ਲਾਸ਼ ਬਰਾਮਦ ਹੋਈ ਹੈ ਪਰ ਉਸਦੀ ਸ਼ਨਾਖਤ ਨਹੀਂ ਹੋ ਸਕੀ। ਇਥੇ ਹੀ ਪਿਛਲੇ ਦਿਨ ਇਕ ਬੈਂਕ ਦਾ ਮੈਨੇਜਰ ਮਾਰ ਦਿਤਾ ਗਿਆ ਅਤੇ 5 ਕਰਮਚਾਰੀ ਵੀ ਜ਼ਖਮੀ ਹੋਏ।

## ਸੁਖਦੇਵ ਸਿੰਘ ਮੁੜ ਫਰਾਰ ਹੋ ਗਿਆ

ਨਵੀਂ ਦਿੱਲੀ — ਸੁਖਦੇਵ ਸਿੰਘ ਨਾਂ ਦਾ ਅਤਿਵਾਦੀ ਜੋ ਦਿੱਲੀ ਵਿਚ ਫੜਿਆ ਗਿਆ ਸੀ ਅਤੇ ਉਸ ਉਤੇ ਕਰੋਲ ਬਾਗ ਵਿਚ ਡਾਕੇ ਤੇ ਕਤਲ ਦਾ ਦੋਸ਼ ਸੀ ਅਤੇ ਜਿਸਨੂੰ ਨੁਸ਼ਹਿਰਾ ਪੰਨੂਆਂ ਵਿਚ ਕਤਲ ਕੀਤੇ ਹਿੰਦੂਆਂ ਦੇ ਕਤਲਾਂ ਵਿਚ ਵੀ ਦੋਸ਼ੀ ਗਿਣਿਆ ਜਾਂਦਾ ਸੀ — ਪੁਲਸ ਹਿਰਾਸਤ ਵਿਚੋਂ ਫਰਾਰ ਹੋ ਗਿਆ ਹੈ। ਸਾਡੇ ਪੱਤਰ ਪ੍ਰੇਰਕ ਦਾ ਕਹਿਣਾ ਹੈ ਕਿ ਆਮ ਲੋਕਾਂ ਵਿਚ ਇਹ ਸ਼ੰਕਾ ਪ੍ਰਗਟ ਕੀਤੀ ਜਾ ਰਹੀ ਹੈ ਕਿ ਕੁਝ ਪੁਲਸ ਵਾਲੇ ਇਨ੍ਹਾਂ ਅਤਿਵਾਦੀਆਂ ਨਾਲ ਮਿਲੇ ਹੋਏ ਹਨ ਜਿਸ ਕਾਰਨ ਇਨ੍ਹਾਂ ਦੇ ਹੌਸਲੇ ਬੁਲੰਦ ਹੋ ਰਹੇ ਹਨ।

## ਜੈਨੀ ਮੰਦਰ ਵਿਚ 6 ਚਾਂਦੀ ਦੇ ਮੁਕਟ ਲੁੱਟ ਲਏ

ਅੰਮ੍ਰਿਤਸਰ — ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਦੇ ਲਾਗਲੇ ਇਲਾਕੇ ਵਿਚ ਸਥਿਤ ਇਕ ਜੈਨੀ ਮੰਦਰ ਜਿਸਨੂੰ ਗਦੰਬਰ ਮੰਦਰ ਕਿਹਾ ਜਾਂਦਾ ਹੈ ਵਿਚੋਂ 6 ਚਾਂਦੀ ਦੇ ਮੁਕਟ ਲੁਟ ਲਏ ਗਏ ਹਨ। ਚੌਕੀਦਾਰ ਨੂੰ ਗੋਲੀਆਂ ਨਾਲ ਛਾਨਣੀ ਕਰਕੇ ਕੁਝ ਵਿਅਕਤੀ ਮੰਦਰ ਵਿਚ ਦਾਖਲ ਹੋਏ। ਅੰਮ੍ਰਿਤਸਰ ਦੇ ਹਿੰਦੂ ਲੀਡਰਾਂ ਵਲੋਂ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਨੂੰ ਤਾਰਾਂ ਦਿਤੀਆਂ ਗਈਆਂ ਹਨ ਕਿ ਮੰਦਰਾਂ ਦੀ ਬੇਅਦਬੀ ਰੋਕੀ ਜਾਵੇ ਤੇ ਮੰਦਰਾਂ ਵਿਚ ਲੁੱਟ ਮਾਰ ਦੀਆਂ ਕਾਰਵਾਈਆਂ ਦੀ ਰੋਕ ਲਈ ਪ੍ਰਬੰਧ ਕੀਤੇ ਜਾਣ।

ਫਿਰ ਉਸ ਨੇ ਮੌਤ ਨੂੰ ਹੀ ਦੇਣੀਆਂ ਸਨ ਆਵਾਜ਼ਾਂ,
ਜਦ ਉਸ ਦੇ ਦਰਦ ਦਾ ਕੋਈ ਵੀ ਨ ਦਵਾ ਹੋਇਆ।

## 'ਸੰਤ ਭਿੰਡਰਾਂਵਾਲਾ ਸਿਆਸੀ ਬੰਦਾ ਨਹੀਂ — ਰਾਜੀਵ ਗਾਂਧੀ

ਨਵੀਂ ਦਿੱਲੀ — ਕਾਂਗਰਸ (ਇ) ਦੇ ਜਨਰਲ ਸਕੱਤਰ ਸ੍ਰੀ ਰਾਜੀਵ ਗਾਂਧੀ ਨੇ ਇਥੇ ਕਿਹਾ ਕਿ ਸੰਤ ਭਿੰਡਰਾਂਵਾਲਾ ਸਿਆਸੀ ਬੰਦਾ ਨਹੀਂ। ਉਹ ਧਾਰਮਿਕ ਅਤਿਵਾਦੀ ਹੈ। ਸ੍ਰੀ ਗਾਂਧੀ ਨੇ ਕਿਹਾ ਕਿ ਸਿਖਾਂ ਦੇ ਦੋਹਾਂ ਧੜਿਆਂ ਵਿਚ ਝਗੜਾ ਹੋਣ ਕਾਰਨ ਕਿਸੇ ਫੈਸਲੇ ਤੇ ਨਹੀਂ ਪੁਜਿਆ ਜਾ ਸਕਦਾ। ਪਰ ਨਾਲ ਹੀ ਰਾਜੀਵ ਗਾਂਧੀ ਨੇ ਫਰਮਾਇਆ ਕਿ ਜਦੋਂ ਵੀ ਫੈਸਲਾ ਹੋਇਆ ਉਹ ਅਕਾਲੀਆਂ ਤੇ ਕਾਂਗਰਸ ਵਿਚਾਲੇ ਫੈਸਲਾ ਹੋਵੇਗਾ। ਉਹ ਵਿਰੋਧੀ ਪਾਰਟੀਆਂ ਨੂੰ ਇਸ ਫੈਸਲੇ ਵਿਚ ਸ਼ਾਮਲ ਨਹੀਂ ਕਰਨਗੇ।

ਪੱਤਰਕਾਰਾਂ ਨੇ ਦਰਬਾਰ ਸਾਹਿਬ ਦੇ ਅਹਾਤੇ ਅੰਦਰ ਭਿੰਡਰਾਂਵਾਲਾ ਤੋਂ ਪੁਛਿਆ ਕਿ 'ਕੀ ਉਹ ਰਾਜੀਵ ਗਾਂਧੀ ਦੀ ਗੱਲ ਨਾਲ ਸਹਿਮਤ ਹਨ ਕਿ ਉਹ ਸਿਆਸੀ ਬੰਦੇ ਨਹੀਂ?' — ਭਿੰਡਰਾਂਵਾਲੇ ਨੇ ਮੁਸਕਰਾ ਕੇ ਕਿਹਾ, "ਠੀਕ ਹੀ ਆਖਦੈ।" ਪਰ ਨਾਲ ਹੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਿੰਡਰਾਂਵਾਲੇ ਨੇ ਕਿਹਾ ਕਿ ਉਹਦੇ ਨਾਲ ਸਹਿਯੋਗ ਦੇਣ ਵਾਲੇ ਅਸੈਂਬਲੀ ਟਿਕਟਾਂ ਨਾ ਲੱਭਣ।

ਉਨ੍ਹਾਂ ਕਿਹਾ ਕਿ "ਮੈਨੂੰ ਵਾਹਿਗੁਰੂ ਨੇ ਸਿੱਖਾਂ ਦੀ ਅਲੱਗ ਹਸਤੀ ਕਾਇਮ ਕਰਨ ਲਈ ਭੇਜਿਆ ਹੈ ਤੇ ਮੈਂ ਤਾਕਤ ਨਾਲ ਹੀ ਭਾਰਤ ਵਿਚ ਸਿੱਖਾਂ ਦੀ ਵਖ ਹਸਤੀ ਕਾਇਮ ਕਰਾਂਗਾ।"

## ਬਚਨ ਸਿੰਘ ਦੀ ਲੜਕੀ ਵੀ ਦਮ ਤੋੜ ਗਈ

ਅੰਮ੍ਰਿਤਸਰ — ਪਿਛਲੇ ਦਿਨੀਂ ਰੀਟਾਇਰਡ ਸੁਪਰਡੈਂਟ ਪੁਲਸ ਸ੍ਰ.ਬਚਨ ਸਿੰਘ ਅਤੇ ਉਸਦੀ ਪੱਤਨੀ ਦੇ ਕਤਲ ਸਮੇਂ ਉਨ੍ਹਾਂ ਦੀ ਲੜਕੀ ਗੰਭੀਰ ਤੌਰ ਤੇ ਜਖਮੀ ਹੋਈ ਸੀ ਜਿਸ ਸਮੇਂ ਅਤਿਵਾਦੀਆਂ ਨੇ ਬਚਨ ਸਿੰਘ ਤੇ ਉਸਦੇ ਪ੍ਰਵਾਰ ਤੇ ਹਮਲਾ ਕੀਤਾ। ਖਬਰਾਂ ਅਨੁਸਾਰ ਸ੍ਰ.ਬਚਨ ਸਿੰਘ ਦੀ ਲੜਕੀ ਵੀ ਹਸਪਤਾਲ ਵਿਚ ਹੀ ਦਮ ਤੋੜ ਗਈਹੈ। ਯਾਦ ਰਹੇ ਕਿ ਇਸ ਤੋਂ ਪਹਿਲਾਂ ਬਚਨ ਸਿੰਘ ਦਾ ਲੜਕਾ ਵੀ ਅਤਿਵਾਦੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਇਆ ਸੀ। ਇਸ ਤਰਾਂ ਸ੍ਰ ਬਚਨ ਸਿੰਘ ਦਾ ਪੂਰਾ ਪ੍ਰਵਾਰ ਹੀ ਖਤਮ ਹੋ ਗਿਆ ਹੈ।

## 'ਭਿੰਡਰਾਂਵਾਲਾ ਕਾਂਗਰਸ ਨੇ ਖੜਾ ਕੀਤਾ'—ਸੰਡੇ ਟਾਈਮਜ਼

ਲੰਡਨ — ਲੰਡਨ ਤੋਂ ਛਪਣਵਾਲੇ 'ਸੰਡੇ ਟਾਈਮਜ਼' ਅਖਬਾਰ ਨੇ ਆਪਣੀ ਇਕ ਟਿੱਪਣੀ ਵਿਚ ਲਿਖਿਆ ਹੈ ਕਿ ਭਿੰਡਰਾਵਾਲਾ ਕਾਂਗਰਸ ਨੇ ਖੁਦ ਖੜਾ ਕੀਤਾ ਸੀ ਤਾਕਿ ਅਕਾਲੀਆਂ ਵਿਚ ਦੁਫੇੜ ਪਾਇਆ ਜਾਵੇ ਪਰ ਹੁਣ ਉਹ ਹੀ ਭਿੰਡਰਾਂਵਾਲਾ ਕਾਂਗਰਸ ਨੂੰ ਅੱਖਾਂ ਵਿਖਾ ਰਿਹਾ ਹੈ।

'ਸੰਡੇ ਟਾਈਮਜ਼' ਨੇ ਇਹ ਵੀ ਲਿਖਿਆ ਹੈ ਕਿ ਅੰਮ੍ਰਿਤਸਰ ਵਿਚ ਦੋ ਚੀਜ਼ਾਂ ਵੇਖਣ ਯੋਗ ਹਨ। ਇਕ ਸ੍ਰੀ ਦਰਬਾਰ ਸਾਹਿਬ ਤੇ ਦੂਜਾ ਭਿੰਡਰਾਂਵਾਲਾ। ਪਹਿਲਾਂ ਲੋਕ ਦਰਬਾਰ ਸਾਹਿਬ ਵੇਖਣ ਜਾਂਦੇ ਸਨ ਤੇ ਹੁਣ ਭਿੰਡਰਾਂਵਾਲੇ ਨੂੰ ਵੇਖਣ ਜਾਂਦੇ ਹਨ।

ਅਖਬਾਰ ਨੇ ਇਹ ਵੀ ਲਿਖਿਆ ਹੈ ਕਿ ਜੋ ਕਤਲੇਆਮ ਹੁਣ ਪੰਜਾਬ ਵਿਚ ਚੱਲ ਰਹੀ ਹੈ, ਇਹ ਇੰਦਰਾ ਕਾਂਗਰਸ ਦੀ ਸਰਕਾਰ ਲਈ ਵੱਡਾ ਖਤਰਾ ਹੈ।

ਅਖਬਾਰ ਅਨੁਸਾਰ ਸਰਕਾਰ ਸਾਹਮਣੇ ਕਈ ਨੁਕਤੇ ਹਨ। ਪਹਿਲਾ ਤਾਂ ਇਹ ਕਿ ਦਰਬਾਰ ਸਾਹਿਬ ਵਿਚ ਪੁਲਸ ਭੇਜ ਕੇ ਅਤਿਵਾਦੀ ਫੜ ਲਏ ਜਾਣ ਪਰ ਸਰਕਾਰ ਇਸ ਤਰਾਂ ਕਰਕੇ ਆਮ ਸਿੱਖਾਂ ਦੀ ਨਾਰਾਜ਼ਗੀ ਮੁੱਲ ਲੈਣ ਲਈ ਤਿਆਰ ਨਹੀਂ। ਭਾਰਤੀ ਫੌਜ ਵਿਚ ਵੀ ਬਗਾਵਤ ਹੋ ਸਕਦੀ ਹੈ। ਜੇ ਸਰਕਾਰ ਸਿੱਖਾਂ ਦੀ ਖੁਦਮੁਖਤਾਰੀ ਦੀ ਮੰਗ ਮੰਨਦੀ ਹੈ ਤਾਂ ਪੰਜਾਬ ਵਿਚਲੀ ਤੇ ਸਾਰੇ ਭਾਰਤ ਵਿਚਲੀ ਹਿੰਦੂ ਵੋਟ ਤੋਂ ਹੱਥ ਧੋਣੇ ਪੈਂਦੇ ਹਨ। ਇਸ ਲਈ ਸਿੱਖਾਂ ਦੀ ਖੁਦਮੁਖਤਾਰੀ ਦੀ ਮੰਗ ਕਿਸੇ ਹਾਲਤ ਵਿਚ ਮੰਨੀ ਜਾਣ ਦੀ ਸੰਭਾਵਣਾ ਨਹੀਂ।

ਪੰਜਾਬ ਵਿਚ ਦਹਿਸ਼ਤਪਸੰਦੀ ਕਾਰਵਾਈਆਂ ਦਾ ਮੁੱਖ ਕਾਰਨ ਪੁਲੀਸ ਦਾ ਕੁਰੱਪਟ ਹੋਣਾ ਹੈ। ਇਥੋਂ ਤਕ ਕਿ ਖੁਫੀਆ ਵਿਭਾਗ ਵੀ ਨਾਅਹਿਲ ਤੇ ਕੁਰੱਪਟ ਹੈ। ਦਹਿਸ਼ਤਪਸੰਦਾਂ ਤੇ ਪੁਲਸ ਦੀ ਭਾਈਵਾਲੀ ਕਾਰਨ ਹੀ ਪੰਜਾਬ ਦੀ ਹਾਲਤ ਏਨੀ ਨਾਜ਼ਕ ਹੈ।

ਅਖਬਾਰ ਨੇ ਇਹ ਵੀ ਲਿਖਿਆ ਹੈ ਕਿ ਜੇ ਅਤਿਵਾਦੀਆਂ ਨੂੰ ਖਤਰਾ ਮਹਿਸੂਸ ਹੋਇਆ ਤਾਂ ਉਨ੍ਹਾਂ ਲਈ ਪਾਕਿਸਤਾਨ ਵਿਚਜਾ ਵੜਨਾ ਮੁਸ਼ਕਲ ਗੱਲ ਨਹੀਂ।

ਉਹ, ਜੋ ਛੱਡ ਕੇ ਸਾਥ ਮੇਰਾ, ਅਚਨਚੇਤੀ ਤੁਰ ਗਿਆ,
ਮੇਰੇ ਜਿਸਮ ਦੀ ਹਰ ਲਗਰ ਉਸ ਬੇਵਫ਼ਾ ਲਈ ਸਹਿਕਦੀ।

## ਸਿੱਖ ਸੁਸਾਇਟੀ ਵਿਨੀਪੈਗ ਦੇ ਨਵੇਂ ਗੁਰੂ ਘਰ ਦਾ ਉਦਘਾਟਨ

ਸਭ ਸਿੱਖ ਸੰਗਤਾਂ ਨੂੰ ਇਹ ਸੁਣ ਕੇ ਖੁਸ਼ੀ ਹੋਵੇਗੀ ਕਿ 20 ਏਕੜ ਵਿਚ ਸਥਿਤ ਨਵੇਂ ਬਣੇ ਗੁਰੂ ਘਰ ਦਾ ਉਦਘਾਟਨ 3 ਜੂਨ, 1984 ਨੂੰ ਬੜੀ ਧੂਮ ਧਾਮ ਨਾਲ ਕੀਤਾ ਜਾ ਰਿਹਾ ਹੈ।

ਉਤਰੀ ਅਮਰੀਕਾ ਦੀਆਂ ਸਿੱਖ ਸੰਗਤਾਂ ਨੇ ਇਸ ਗੁਰੂ ਘਰ ਦੀ ਸਥਾਪਨਾ ਲਈ ਖੁਲ੍ਹੇ ਗੱਫੇ ਦਿਲ ਖੋਲ੍ਹ ਕੇ ਦਿਤੇ ਸਨ ਤੇ ਪ੍ਰਬੰਧਕ ਕਮੇਟੀ ਤੇ ਵਿਨੀਪੈਗ ਦੀ ਸਿੱਖ ਸੰਗਤ ਸਮੁੱਚੇ ਸਿੱਖ ਜਗਤ ਦੀ ਧੰਨਵਾਦੀ ਹੈ।

ਉਤਰੀ ਅਮਰੀਕਾ ਦੀ ਸਾਰੀ ਸਿੱਖ ਸੰਗਤ ਨੂੰ ਖੁਲ੍ਹਾ ਸੱਦਾ ਹੈ ਕਿ ਉਹ ਉਦਘਾਟਨ ਸਮੇਂ ਵਿਨੀਪੈਗ ਦੀ ਸਿੱਖ ਸੰਗਤ ਨਾਲ ਇਸ ਖੁਸ਼ੀ ਦੇ ਮੌਕੇ ਸ਼ਾਮਲ ਹੋਣ।

ਉਦਘਾਟਨ ਦੀ ਰਸਮ 3 ਜੂਨ, 1984 ਨੂੰ ਸਵੇਰੇ ਦਸ ਵਜੇ ਹੋਵੇਗੀ।

ਪ੍ਰਬੰਧਕ ਕਮੇਟੀ
ਸਿੱਖ ਸੁਸਾਇਟੀ ਆਫ ਮੈਨੀਟੋਬਾ ਵਿਨੀਪੈਗ

## ਦਹਿਸ਼ਤ ਪਸੰਦਾਂ ਹੱਥੋਂ ਦੋ ਮਰੇ

ਚੰਡੀਗੜ੍ਹ — ਦਹਿਸ਼ਤ ਪਸੰਦਾਂ ਵਲੋਂ ਗੋਲੀ ਚਲਾਉਣ ਦੀਆਂ ਦੋ ਵਾਰਦਾਤਾਂ ਵਿਚ ਦੋ ਵਿਅਕਤੀ ਮਾਰੇ ਗਏ ਅਤੇ ਛੇ ਜ਼ਖਮੀ ਹੋਏ। ਇਕ ਪੈਟਰੋਲ ਪੰਪ ਲੁਟਿਆ ਗਿਆ ਅਤੇ ਇਕ ਕਾਲਜ ਦੇ ਰੀਕਾਰਡ ਰੂਮ ਨੂੰ ਅੱਗ ਲਾ ਕੇ ਸਾੜ ਦਿਤਾ ਗਿਆ।

ਫੀਰੋਜ਼ਪੁਰ ਜ਼ਿਲੇ ਦੇ ਕਸਬੇ ਭਾਈ ਕੀ ਤਲਵੰਡੀ ਵਿਚ ਟੈਲੀਵੀਜ਼ਨ ਸ਼ੋ ਦੇਖ ਰਹੇ ਵਿਅਕਤੀਆਂ ਤੇ ਅੰਨ੍ਹਾਂ ਘੁੰਦ ਗੋਲੀਆਂ ਚਲਾਈਆਂ ਗਈਆਂ ਜਿਸ ਕਾਰਨ ਦੋ ਬੰਦੇ ਥਾਂ ਤੇ ਹੀ ਮਾਰੇ ਗਏ ਅਤੇ ਪੰਜ ਗੰਭੀਰ ਰੂਪ ਵਿਚ ਫਟੱੜ ਹੋਏ। ਮਗਰੋਂ ਇਕ ਵਿਅਕਤੀ ਦਰਸ਼ਣ ਕੁਮਾਰ ਹਸਪਤਾਲ ਵਿਚ ਦਮ ਤੋੜ ਗਿਆ ਅਤੇ ਇਕ ਬੈਂਕ ਦਾ ਮੈਨੇਜਰ ਉਸ ਸਮੇਂ ਮਰ ਗਿਆ ਜਦ ਉਸਨੂੰ ਹਸਪਤਾਲ ਨੂੰ ਲਿਜਾਇਆ ਜਾ ਰਿਹਾ ਸੀ।

## ਗੁਰੂ ਨਾਨਕ ਸਿਖ ਟੈਂਪਲ ਡੈਲਟਾ-ਸਰੀ

## 7050 - 120 ਸਟਰੀਟ ਸਰੀ ਵਿਖੇ ਸਹਾਇਕ ਗ੍ਰੰਥੀ - ਕੰਮ - ਪੰਜਾਬੀ ਅਧਿਆਪਕ ਦੀ ਲੋੜ ਹੈ

ਜੋ ਗੁਰਬਾਣੀ ਅਤੇ ਗੁਰਮਤ ਬਾਰੇ ਪੂਰੀ ਜਾਣਕਾਰੀ ਰੱਖਦੇ ਹੋਣ। ਟੀਚਿੰਗ ਦਾ ਤਜਰਬਾ ਹੋਵੇ।

ਤਨਖਾਹ ਯੋਗਤਾ ਅਤੇ ਤਜਰਬੇ ਅਨੁਸਾਰ ਨਿਯੁਕਤ ਕੀਤੀ ਜਾਵੇਗੀ। ਲਿਖਤੀ ਰੂਪ ਵਿਚ ਦਰਖਾਸਤਾਂ ਤਜਰਬੇ ਅਤੇ ਯੋਗਤਾਵਾਂ ਦੇ ਵੇਰਵੇ ਸਮੇਤ ਗੁਰੂ ਘਰ ਦੇ ਪਤੇ ਤੇ 20 ਮਈ ਤੱਕ ਪੁੱਜ ਜਾਣੀਆਂ ਚਾਹੀਦੀਆਂ ਹਨ।

ਹੋਰ ਜਾਣਕਾਰੀ ਲਈ ਹੇਠ ਲਿਖੇ ਟੈਲੀਫੋਨਾਂ ਤੇ ਸੰਪਰਕ ਕਰੋ :—

946-1866 ਮਲਕੀਤ ਸਿੰਘ ਦੁਸਾਂਝ
584-1575 ਹਰਜਿੰਦਰ ਸਿੰਘ ਢਿੱਲੋਂ

BOMBAY SWEETS
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
Delicious Indian food


General Tours and Travel Service
LOW LOW RATES TO : India, Pakistan, Bangladesh & Ceylon on Air India, Pakistan Airlines, Kuwait, Air France, KLM Or Any Airline of your choice.
ASHOK PURI
261 KENNEDY STREET, WINNIPEG, MANITOBA, R3C 1T2
Ph. [204]943-0596


# THE CANADA DARPAN

**P.O.BOX 67344 STN. 'O'**
**Vancouver, B.C. V5W 3T1**

Chief Editor(Hon.) : DARSHAN GILL
Editor : HARBHAJAN SINGH DEOL
PHONE : (604)321-6360

All Officeholders of CANADA DARPAN are honorary associates


'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।



# ਕੇਸਰ ਸਿੰਘ ਨਾਵਲਿਸਟ ਵਲੋਂ ਪੰਜਾਬੀ ਸਿੱਖਣ ਵਾਲਿਆਂ ਲਈ ਅਦੁੱਤੀ ਪੁਸਤਕ

ਸ.ਕੇਸਰ ਸਿੰਘ ਨਾਵਲਿਸਟ ਦਾ ਨਾਂ ਪੰਜਾਬੀ ਪਾਠਕਾਂ ਲਈ ਜਾਣ ਪਹਿਚਾਣ ਦਾ ਮੁਥਾਜ ਨਹੀਂ। ਪੰਜਾਬੀ ਸ਼ਹੀਦਾਂ ਬਾਰੇ ਲਿਖੇ ਨਾਵਲਾਂ ਕਾਰਨ ਉਨ੍ਹਾਂ ਦਾ ਨਾ ਅੱਜ ਹਰ ਘਰ ਵਿਚ ਜਾਣਿਆ ਜਾਂਦਾ ਹੈ। ਕੈਨੇਡਾ ਦੇ ਪੰਜਾਬੀਆਂ ਦੀ ਖੁਸ਼ਕਿਸਮਤੀ ਹੈ ਕਿ ਇਸ ਬਜ਼ੁਰਗ ਸਾਹਿਤਕਾਰ ਨੇ ਆਪਣਾ ਤਨ ਮਨ ਤੇ ਧਨ ਪੰਜਾਬੀ ਬੋਲੀ ਤੇ ਪੰਜਾਬੀ ਕਲਚਰ ਦੀ ਪ੍ਰਫੁਲਤਾ ਲਈ ਅਰਪਣ ਕੀਤਾ ਹੋਇਆ ਹੈ। ਜਿਨ੍ਹਾਂ ਸ਼ਹੀਦਾਂ ਦੇ ਨਾਂ ਅਸੀਂ ਪੰਜਾਬੀ ਨਹੀਂ ਸਾਂ ਜਾਣਦੇ, ਜਿਨ੍ਹਾਂ ਗਦਰੀ ਯੋਧਿਆਂ ਦੇ ਨਾਵਾਂ ਤਕ ਨੂੰ ਹਕੂਮਤਾਂ ਨੇ ਇਤਿਹਾਸ ਦੇ ਵਰਕਿਆਂ ਵਿਚ ਸ਼ਾਮਲ ਕਰਨਾ ਵੀ ਗਵਾਰਾ ਨਹੀਂ ਕੀਤਾ, ਉਨ੍ਹਾਂ ਯੋਧਿਆਂ ਦਾ ਨਾਂ ਸੁਨਹਿਰੀ ਲਫਜ਼ਾਂ ਵਿਚ ਸ.ਕੇਸਰ ਸਿੰਘ ਨੇ ਉਘਾੜੇ ਹਨ। ਸ.ਮੇਵਾ ਸਿੰਘ ਸ਼ਹੀਦ, ਭਾਈ ਬਲਵੰਤ ਸਿੰਘ ਖੁਰਦਪੁਰ (ਵੈਨਕੂਵਰ ਖਾਲਸਾ ਦੀਵਾਨ ਸੁਸਾਇਟੀ ਦੇ ਪਹਿਲੇ ਗ੍ਰੰਥੀ), ਭਾਈ ਸੋਹਣ ਲਾਲ ਪਾਠਕ, ਬਾਬਾ ਹਰੀ ਸਿੰਘ ਉਸਮਾਨ, ਸ਼ਹੀਦ ਊਧਮ ਸਿੰਘ , ਸ਼ਹੀਦ ਮਦਨ ਲਾਲ ਢੀਂਗਰਾ ਆਦਿ ਦੇ ਲਾਸਾਨੀ ਕਾਰਨਾਮਿਆਂ ਨੂੰ ਨਾਵਲਾਂ ਰਾਹੀਂ ਪੰਜਾਬੀ ਲੋਕਾਂ ਤਕ ਪਹੁੰਚਾਉਣਾ ਸ.ਕੇਸਰ ਸਿੰਘ ਹੋਰਾਂ ਦੇ ਹਿੱਸੇ ਆਇਆ ਹੈ।

ਇਸ ਬਜ਼ੁਰਗ ਸਾਹਿਤਕਾਰ ਦਾ ਵਿਸ਼ਵਾਸ ਹੈ ਕਿ ਬੋਹੜ ਪੈਦਾ ਕਰਨ ਲਈ ਜ਼ਰਖੇਜ਼ ਧਰਤੀ ਮੁਢਲੀ ਲੋੜ ਹੈ। ਅੱਜ ਸਾਡੇ ਕੁਝ ਅਖੌਤੀ ਲੀਡਰ ਯੂਨੀਵਰਸਿਟੀਆਂ ਵਿਚ ਚੇਅਰਾਂ ਸਥਾਪਤ ਕਰਨ ਲਈ ਲੱਖਾਂ ਡਾਲਰ ਇਕੱਤਰ ਕਰਨ ਦੀ ਦੌੜ ਵਲ ਤਾਂ ਤੁਰ ਸਕਦੇ ਹਨ ਪਰ ਜਿਸ ਪਨੀਰੀ ਨੇ ਯੂਨੀਵਰਸਿਟੀਆਂ ਤਕ ਪਹੁੰਚਣਾ ਹੈ ਉਸ ਪਨੀਰੀ ਲਈ ਕੁਝ ਕਰਨ ਕਰਾਉਣ ਦੀ ਸਮਰੱਥਾ ਇਨ੍ਹਾਂ ਲੀਡਰਾਂ ਕੋਲ ਨਹੀਂ। ਪੰਜਾਬੀ ਬੋਲੀ ਸਿੱਖਣ ਸਿਖਾਉਣ ਲਈ ਅਸੀਂ ਸਕੂਲ ਤਾਂ ਖੋਲ੍ਹ ਦਿਤੇ ਹਨ ਪਰ ਉਨ੍ਹਾਂ ਲਈ ਪਾਠ ਪੁਸਤਕਾਂ ਪੈਦਾ ਕਰਨ ਸਬੰਧੀ ਸਾਡੀ ਕੌਮ ਦੇ ਸਿਰਜਕਾਂ ਨੂੰ ਕਦੇ ਸੋਚ ਤਕ ਨਹੀਂ ਆਈ। ਸ. ਕੇਸਰ ਸਿੰਘ ਹੋਰੀਂ ਅਜਿਹੇ ਵਿਦਵਾਨ ਹਨ ਜਿਨ੍ਹਾਂ ਸਭ ਤੋਂ ਪਹਿਲਾਂ ਮਲਾਇਆ ਵਿਚ ਰਹਿੰਦਿਆਂ ਇਨ੍ਹ ਗੱਲਾਂ ਨੂੰ ਅਨੁਭਵ ਕੀਤਾ। ਬੱਚੇ ਵਾਤਾਵਰਨ ਅਨੁਸਾਰ ਢਲਦੇ ਹਨ — ਇਸਦਾ ਇਹਨਾਂ ਨੂੰ ਇਹਸਾਸ ਸੀ। ਇਸੇ ਕਾਰਨ ਇਨ੍ਹਾਂ 1938 ਵਿਚ ਮਲਾਇਆ ਵਿਚ ਬਚਿਆਂ ਦੀਆਂ ਲੋੜਾਂ ਅਨੁਸਾਰ 'ਪੰਜਾਬੀ ਪ੍ਰਾਈਮਰ' ਛਾਪਿਆ ਤਾਕਿ ਮਲਾਈ—ਪੰਜਾਬੀ ਬੱਚੇ ਉਥੋਂ ਦੇ ਵਾਤਾਵਰਨ ਅਨੁਸਾਰ ਪੰਜਾਬੀ ਸਿੱਖ ਸਕਣ।

ਇਥੇ ਕੈਨੇਡਾ ਅਤੇ ਅਮਰੀਕਾ ਵਿਚ ਵੀ ਹੁਣ ਅਸੀਂ ਪੰਜਾਬੀ ਲੱਖਾਂ ਦੀ ਗਿਣਤੀ ਵਿਚ ਹਾਂ ਪਰ ਅੱਜ ਤਕ ਕਿਸੇ ਮਹਾਂ—ਪੁਰਸ਼ ਨੇ ਇਸ ਪਾਸੇ ਧਿਆਨ ਨਹੀਂ ਦਿਤਾ ਕਿ ਜਿਨ੍ਹਾਂ ਪੀੜ੍ਹੀਆਂ ਲਈ ਅਸੀਂ ਗੁਰੂ ਘਰ ਉਸਾਰ ਰਹੇ ਹਾਂ — ਕੀ ਉਹ ਪੀੜ੍ਹੀਆਂ ਪੰਜਾਬੀ ਜੀਵਨ—ਜਾਚ ਦੇ ਨੇੜੇ ਵੀ ਰਹਿ ਸਕਣਗੀਆਂ? ਜਿਸ ਕੌਮੀਅਤ ਦੀ ਜਾਂ ਘਟ—ਗਿਣਤੀ ਦੀ ਬੋਲੀ ਹੀ ਖਤਮ ਹੋ ਜਾਵੇ ਉਸਦੀ ਕਲਚਰ ਕਿਵੇਂ ਜਿਉਂਦੀ ਰਹਿ ਸਕੇਗੀ? ਜੇ ਕੈਨੇਡਾ ਤੇ ਅਮਰੀਕਾ ਵਿਚ ਵੀ ਸਾਡੇ ਪੰਜਾਬੀ ਦੇ ਉਸਤਾਦਾਂ ਨੇ 'ੳ' 'ਊਠ' ਹੀ ਪੜ੍ਹਾਉਣਾ ਹੈ ਤਾਂ ਸਾਡੇ ਬੱਚੇ ਉਸ ਊਠ ਦੀ ਨੁਹਾਰ ਨੂੰ ਆਪਣੀ ਕਲਪਣਾ ਵਿਚ ਕਿਵੇਂ ਲਿਆਉਣਗੇ?

ਕੈਨੇਡਾ ਅਤੇ ਅਮਰੀਕਾ ਵਿਚ ਬੱਚਿਆਂ ਨੇ ਮੁਖ ਤੌਰ ਤੇ ਅੰਗ੍ਰੇਜ਼ੀ ਸਿੱਖਣੀ, ਪੜ੍ਹਨੀ ਤੇ ਬੋਲਣੀ ਹੈ — ਇਸ ਤੋਂ ਬਿਨਾਂ ਗੁਜ਼ਾਰਾ ਨਹੀਂ — ਉਨ੍ਹਾਂ ਨੇ ਉਸੇ ਬੋਲੀ ਰਾਹੀਂ ਸੋਚਣਾ ਤੇ ਵਿਗਸਣਾ ਹੈ। ਇਸੇ ਤਰਕ ਨੂੰ ਸਾਹਮਣੇ ਰੱਖ ਕੇ ਸ.ਕੇਸਰ ਸਿੰਘ ਨੇ 'ਪੰਜਾਬੀ ਗਾਈਡ' ਪੁਸਤਕ ਲਿਖੀ ਤੇ ਛਪਵਾਈ ਹੈ।

ਉਨ੍ਹਾਂ ਅਨੁਸਾਰ "1947 ਤੋਂ ਪਿਛੋਂ ਹਜ਼ਾਰਾਂ ਪ੍ਰਵਾਰ ਇੰਗਲੈਂਡ ਅਤੇ ਅਮਰੀਕਾ ਆਏ ਹਨ। ਸਾਡੇ ਲੋਕ ਇਸ ਸਦੀ ਦੇ ਆਰੰਭ ਵਿਚ ਕੈਨੇਡਾ ਅਤੇ ਅਮਰੀਕਾ ਆਏ। ਸਾਡੇ ਵਡੇਰਿਆਂ ਦੀ ਪੰਜਵੀਂ ਪੀੜ੍ਹੀ ਹੁਣ ਵਧ ਫੁਲ ਰਹੀ ਹੈ ਅਤੇ ਉਨ੍ਹਾਂ ਨੂੰ ਆਪਣੀ ਬੋਲੀ ਆਉਣੀ ਜ਼ਰੂਰੀ ਹੈ। ਇਹ ਪੀੜ੍ਹੀ ਇਹ ਸੋਚਦੀ ਹੈ ਕਿ ਉਨ੍ਹਾਂ ਦੀ ਮਾਂ—ਬੋਲੀ ਅੰਗ੍ਰੇਜ਼ੀ ਹੈ ਨਾ ਕਿ ਪੰਜਾਬੀ"

ਫਿਰ ਉਹ ਲਿਖਦੇ ਹਨ "ਬੇਸ਼ਕ ਮਾਪੇ ਆਪਣੇ ਬਚਿਆਂ ਤੇ ਇਹ ਜ਼ੋਰ ਪਾਉਂਦੇ ਹਨ ਅਤੇ ਬੱਚੇ ਵੀ ਪੰਜਾਬੀ ਪੜ੍ਹਣ ਲਈ ਤਿਆਰ ਹਨ ਪਰ ਅਜਿਹੀਆਂ ਕਿਤਾਬਾਂ ਨਹੀਂ ਜਿਨ੍ਹਾਂ ਰਾਹੀਂ ਉਹ ਪੰਜਾਬੀ ਪੜ੍ਹ ਸਕਣ (ਅੰਗ੍ਰੇਜ਼ੀ ਦੇ ਮਾਧਿਅਮ ਰਾਹੀਂ)

"ਪੰਜਾਬੀ ਗਾਈਡ" ਅੰਗ੍ਰੇਜ਼ੀ ਦੇ ਮਾਧਿਅਮ ਰਾਹੀਂ ਪੰਜਾਬੀ ਸਿੱਖਣ ਲਈ ਲਿਖੀ ਗਈ ਪੁਸਤਕ ਹੈਅਤੇ ਕੈਨੇਡਾ ਅਤੇ ਅਮਰੀਕਾ ਵਿਚ ਇਹ ਅੰਗ੍ਰੇਜ਼ੀ ਪੜ੍ਹੇ ਬੱਚਿਆਂ ਤੇ ਬਾਲਗਾਂ ਲਈ ਬਹੁਤ ਉਪਯੋਗੀ ਸਿੱਧ ਹੋ ਸਕਦੀ ਹੈ। ਗੁਰੂ ਘਰਾਂ ਵਿਚ ਜਾਂਦੇ ਪੰਜਾਬੀ ਬੱਚਿਆਂ ਲਈ ਇਹ ਹੋਰ ਵੀ ਸਹਾਈ ਹੋ ਸਕਦੀ ਹੈ ਜੇ ਅਧਿਆਪਕ ਇਸਨੂੰ ਪਾਠ—ਪੁਸਤਕ ਵਜੋਂ ਨੀਯਤ ਕਰਨ।

ਜੇ ਸਾਡੇ ਗੁਰੂ ਘਰਾਂ ਦੀਆਂ ਕਮੇਟੀਆਂ ਪੰਜਾਬੀ ਬੋਲੀ ਤੇ ਪੰਜਾਬੀ ਕਲਚਰ ਲਈ ਵਖਰੇ ਫੰਡ ਨੀਯਤ ਕਰਨ ਦੇ ਸਮਰਥ ਨਹੀਂ ਹਨ ਤਾਂ ਇਹ ਸੁਨਹਿਰੀ ਮੌਕਾ ਹੈ ਕਿ ਘੱਟੋ ਘੱਟ ਇਸ ਪੁਸਤਕ ਨੂੰ ਪਾਠ—ਪੁਸਤਕ ਵਜੋਂ ਕੈਨੇਡਾ ਅਤੇ ਅਮਰੀਕਾ ਵਿਚ ਗੁਰੂ ਘਰਾਂ ਵਲੋਂ ਚਲਾਏ ਜਾਂਦੇ ਪੰਜਾਬੀ ਸਕੂਲਾਂ ਵਿਚ ਲਾਗੂ ਕਰਨ।

ਸ.ਕੇਸਰ ਸਿੰਘ ਹੋਰਾਂ ਦੀ ਮਿਹਨਤ , ਲਗਨ ਅਤੇ ਦ੍ਰਿੜਤਾ ਦਾ ਹੀ ਇਹ ਨਤੀਜਾ ਹੈ ਕਿ ਅਜਿਹੀ ਵਧੀਆ 'ਵਰਕ—ਬੁੱਕ' ਛਾਪ ਕੇ ਉਨ੍ਹਾਂ ਪ੍ਰਦੇਸੀਂ ਵਸਦੇ ਪੰਜਾਬੀਆਂ ਦੀ ਇਕ ਵੱਡੀ ਲੋੜ ਨੂੰ ਪੂਰਿਆਂ ਕੀਤਾ ਹੈ।

ਸ.ਕੇਸਰ ਸਿੰਘ ਇਸ ਪੁਸਤਕ ਲਈ ਹਰ ਪੰਜਾਬੀ ਵਲੋਂ ਵਧਾਈ ਦੇ ਹੱਕਦਾਰ ਹਨ।

# ਪੰਜਾਬ ਦੇ ਰਾਜਸੀ ਪਿੜ ਵਿਚੋਂ :

**ਲਖਵਿੰਦਰ ਜੌਹਲ**

ਸੁਰਿੰਦਰ ਸਿੰਘ ਸੋਢੀ ਦੇ ਕਤਲ ਤੋਂ ਤੇਜ਼ ਹੋਈ ਅਕਾਲੀ ਦਲ ਅਤੇ ਭਿੰਡਰਾਂਵਾਲਾ ਵਿਚਕਾਰ ਟੱਕਰ ਪੰਜਾਬ ਦੇ ਰਾਜਨੀਤਕ ਹਲਕਿਆਂ ਲਈ ਓਨੀ ਹੀ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ ਜਿੰਨੀ ਕਿ ਸਮੁੱਚੇ ਪੰਜਾਬ ਦੀ ਸਥਿਤੀ। ਦਰਬਾਰ ਸਾਹਿਬ ਵਿਚ ਤਨਾਓ ਦਾ ਵਾਤਾਵਰਣ ਏਨਾ ਭਿਆਨਕ ਹੈ ਕਿ ਕਿਸੇ ਵੀ ਵੇਲੇ ਵੱਡੀ ਪੱਧਰ ਉਤੇ ਖ਼ੂਨ ਖਰਾਬਾ ਹੋਣ ਦਾ ਖਦਸ਼ਾ ਸਿਰਾਂ ਤੇ ਚੜ੍ਹਿਆ ਹੋਇਆ ਹੈ। ਭਿੰਡਰਾਂਵਾਲੇ ਨੇ ਸੋਢੀ ਦਾ ਕਤਲ ਦਾ ਦੋਸ਼ ਸਿੱਧੇ ਤੌਰ, ਉਤੇ ਹੀ ਅਕਾਲੀ ਦਲ ਉਤੇ ਮੜ੍ਹ ਦਿਤਾ ਹੈ ਤੇ ਇਸ ਸਾਰੀ ਸਾਜ਼ਿਸ਼ ਦਾ ਧੁਰਾ ਦਲ ਦੇ ਦਫਤਰ ਸਕੱਤਰ ਗੁਰਚਰਨ ਸਿੰਘ ਨੂੰ ਦੱਸਿਆ ਜਾ ਰਿਹਾ ਹੈ। ਭਾਵੇਂ ਅਕਾਲੀ ਦਲ ਨੇ ਪੰਜ ਮੈਂਬਰੀ ਕਮੇਟੀ ਬਣਾ ਕੇ ਇਸ ਸਾਰੇ ਮਾਮਲੇ ਨੂੰ ਕਿਸੇ ਨਾ ਕਿਸੇ ਢੰਗ ਨਾਲ ਨਜਿੱਠਣ ਦੀ ਕੋਸ਼ਿਸ਼ ਕੀਤੀ ਹੈ ਪਰ ਭਿੰਡਰਾਂਵਾਲਾ ਕਿਸੇ ਵੀ ਹਾਲੇ ਗੁਰਚਰਨ ਸਿੰਘ ਨੂੰ ਬਰੀ ਕਰਨ ਲਈ ਤਿਆਰ ਨਹੀਂ ਹੈ। ਦਲ ਵਲੋਂ ਬਣਾਈ ਗਈ ਕਮੇਟੀ ਵਿਚ ਮੇਜਰ ਸਿੰਘ ਉਬੋਕੇ, ਕੁਲਦੀਪ ਸਿੰਘ ਵਡਾਲਾ, ਬਲਬੀਰ ਸਿੰਘ ਬਰਾੜ, ਸੁਰਜਨ ਸਿੰਘ ਠੇਕੇਦਾਰ ਤੇ ਬਸੰਤ ਸਿੰਘ ਖਾਲਸਾ ਸ਼ਾਮਲ ਸਨ। ਦੋ ਕਿਸ਼ਤਾਂ ਵਿਚ(ਪਹਿਲਾਂ ਅੰਤਰਮ ਤੇ ਫੇਰ ਮੁਕੰਮਲ) ਪੇਸ਼ ਕੀਤੀ ਗਈ ਆਪਣੀ ਰਿਪੋਰਟ ਵਿਚ ਇਸ ਕਮੇਟੀ ਨੇ ਕਤਲ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਤੋਂ ਤਾਂ ਭਾਵੇਂ ਗੁਰਚਰਨ ਸਿੰਘ ਨੂੰ ਬਰੀ ਕਰ ਦਿਤਾ ਹੈ ਪਰ ਨਾਲ ਹੀ ਇਹ ਵੀ ਸਿਫਾਰਸ਼ ਵੀ ਕਰ ਦਿਤੀ ਹੈ ਕਿ ਗੁਰਚਰਨ ਸਿੰਘ ਦਾ ਕੰਮਕਾਜ਼ ਕਿਉਂਕਿ ਜਥੇਬੰਦੀ ਦੇ ਅਨੁਕੂਲ ਨਹੀਂ ਹੈ, ਇਸ ਕਰਕੇ ਉਸਨੂੰ ਸਕੱਤਰੀ ਤੋਂ ਲਾਹ ਦਿਤਾ ਜਾਵੇ। ਰੀਪੋਰਟ ਪੇਸ਼ ਹੁੰਦਿਆਂ ਹੀ ਗੁਰਚਰਨ ਸਿੰਘ ਨੇ ਅਸਤੀਫਾ ਦੇ ਦਿਤਾ ਅਤੇ ਸੰਤ ਲੌਂਗੋਵਾਲ ਨੇ ਇਸ ਨੂੰ ਸਵੀਕਾਰ ਕਰ ਲਿਆ। ਵਰਨਣਯੋਗ ਗੱਲ ਇਹ ਹੈ ਕਿ ਇਸ ਕਮੇਟੀ ਨਾਲ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਕੋਈ ਵੀ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ। ਅਤੇ ਕਮੇਟੀ ਸਾਹਮਣੇ ਗਿਆਰਾਂ ਸਵਾਲ ਰੱਖ ਦਿਤੇ ਜਿਨਾਂ ਦਾ ਜੁਆਬ ਸੰਤ ਲੌਂਗੋਵਾਲ ਤੋਂ ਲਿਆਉਣ ਲਈ ਕਿਹਾ। ਕਮੇਟੀ ਨੇ ਇਨ੍ਹਾਂ ਗਿਆਰਾਂ ਸੁਆਲਾਂ ਦਾ ਜੁਆਬ ਸੰਤ ਲੌਂਗੋਵਾਲ ਤੋਂ ਲਿਖਤੀ ਰੂਪ ਵਿਚ ਲਿਆ ਕੇ ਜਦੋਂ ਸੰਤ ਭਿੰਡਰਾਂਵਾਲੇ ਕੋਲ ਪੇਸ਼ ਕੀਤਾ ਤਾਂ ਉਸ ਨੇ ਇਹ ਸਵੀਕਾਰ ਕਰਨ ਤੋਂ ਇਨਕਾਰ ਕਰ ਦਿਤਾ ਕਿ ਇਹ ਜੁਆਬ ਵਾਕਿਆ ਹੀ ਸੰਤ ਲੌਂਗੋਵਾਲ ਨੇ ਦਿੱਤੇ ਹੋਣਗੇ। ਉਸਨੇ ਕਿਹਾ ਸੰਤ ਲੌਂਗੋਵਾਲ ਦੀ ਆਵਾਜ਼ ਵਿਚ ਟੇਪ ਲਿਆ ਕੇ ਪੇਸ਼ ਕੀਤੀ ਜਾਵੇ ਤਾਂ ਹੀ ਉਹ ਮੰਨੇਗਾ ਕਿ ਜੁਆਬ ਵਾਕਿਆ ਹੀ ਉਸਦਾ ਹੈ ਅਤੇ ਉਹ ਇਨ੍ਹਾਂ ਸੁਆਲਾਂ ਬਾਰੇ ਖੁਦ ਇਹੀ ਕੁਝ ਸਮਝਦਾ ਹੈ ਜੋ ਕੁਝ ਲਿਖਿਆ ਗਿਆ ਹੈ। ਕਮੇਟੀ ਇਸ ਤਰ੍ਹਾਂ ਨਹੀਂ ਕਰ ਸਕੀ ਅਤੇ ਉਸਨੇ ਆਪਣੀ ਰਿਪੋਰਟ ਪੇਸ਼ ਕਰ ਦਿਤੀ ਅਤੇ ਇਸਦੀ ਇਕ ਇਕ ਕਾਪੀ ਦੋਹਾਂ ਸੰਤਾਂ ਨੂੰ ਭੇਜ ਦਿੱਤੀ। ਸੰਤ ਭਿੰਡਰਾਂਵਾਲੇ ਨੇ ਇਸ ਰੀਪੋਰਟ ਨੂੰ ਇਕ ਦਮ ਰੱਦ ਕਰ ਦਿਤਾ ਹੈ। ਇਸ ਰੀਪੋਰਟ ਦੇ ਮੂਲ ਨੁਕਤੇ ਕੀ ਹਨ ?

- ਸਾਰੀਆਂ ਗਵਾਹੀਆਂ ਇਹ ਸਾਬਤ ਕਰਦੀਆਂ ਹਨ ਕਿ ਗੁਰਚਰਨ ਸਿੰਘ ਦਾ ਸੁਰਿੰਦਰ ਸਿੰਘ ਸੋਢੀ ਦੇ ਕਤਲ ਨਾਲ ਕੋਈ ਸੰਬੰਧ ਨਹੀਂ ਹੈ। ਗੁਰਚਰਨ ਸਿੰਘ ਕਮੇਟੀ ਦੇ ਸਾਹਮਣੇ ਪੇਸ਼ ਹੋਇਆ ਹੈ ਅਤੇ ਉਸ ਨੇ ਇਸ ਸਾਜ਼ਿਸ਼ ਬਾਰੇ ਕੁਝ ਵੀ ਨਾ ਪਤਾ ਹੋਣ ਬਾਰੇ ਕਿਹਾ ਹੈ। ਪਰ ਉਸ ਨੂੰ ਸਕੱਤਰੀ ਤੋਂ ਲਾਹ ਦਿਤਾ ਜਾਵੇ ਕਿਉਂਕਿ ਪਾਰਟੀ ਪ੍ਰਤੀ ਉਸਦਾ ਕੰਮ ਤਸੱਲੀਬਖਸ਼ ਨਹੀਂ।
- ਸੁਰਿੰਦਰ ਛਿੰਦਾ ਅਤੇ ਬਲਜੀਤ ਕੌਰ ਹੀ ਸੋਢੀ ਦੇ ਕਤਲ ਦੇ ਜ਼ਿੰਮੇਵਾਰ ਹਨ ਅਤੇ ਮਲਿਕ ਸਿੰਘ ਭਾਟੀਆ ਨੇ ਛਿੰਦੇ ਨੂੰ ਆਪਣੀ ਜੀਪ ਦਿੱਤੀ।
- ਕਤਲ ਤੋਂ ਬਾਅਦ ਬਲਜੀਤ ਕੌਰ ਲੰਗਰ ਵਾਲੇ ਪਾਸੇ ਆਈ ਅਤੇ ਉਸ ਤੋਂ ਬਾਅਦ ਪਤਾ ਨਹੀਂ ਕਿਧਰ ਗਈ — ਸੁਰਿੰਦਰ ਛਿੰਦਾ ਕਤਲ ਤੋਂ ਬਾਅਦ ਗੁਰੂ ਰਾਮ ਦਾਸ ਸਰਾਂ ਵਿਚ ਆਇਆ ਅਤੇ ਉਸ ਤੋਂ ਬਾਅਦ ਦੂਸਰੇ ਦਿਨ ਉਸਦੀ ਲਾਸ਼ ਮਾਨਾਂਵਾਲਾ ਕੋਲੋਂ ਮਿਲੀ।
- ਮਲਿਕ ਸਿੰਘ ਭਾਟੀਆ ਨੂੰ ਵੀ ਕਤਲ ਕਰ ਦਿਤਾ ਗਿਆ।
- ਸੰਤ ਲੌਂਗੋਵਾਲ ਅਤੇ ਸੰਤ ਭਿੰਡਰਾਂਵਾਲਾ ਸਾਰੀਆਂ ਸੰਗਤਾਂ ਨੂੰ ਅਮਨ ਚੈਨ ਨਾਲ ਰਹਿਣ ਲਈ ਸਾਂਝੀ ਅਪੀਲ ਜਾਰੀ ਕਰਨ।
- ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਅਜੇਹੀ ਕਮੇਟੀ ਦਾ ਨਿਰਮਾਣ ਕਰੇ ਜਿਹੜੀ ਦਰਬਾਰ ਸਾਹਿਬ ਵਿਚ ਆਉਣ ਜਾਣ ਵਾਲੇ ਯਾਤਰੀਆਂ ਦੀ ਛਾਣਬੀਣ ਕਰੇ ਅਤੇ ਕਿਸੇ ਯਾਤਰੀ ਨੂੰ ਤਿੰਨ ਦਿਨ ਤੋਂ ਵੱਧ ਸਮਾਂ ਇਥੇ ਰਹਿਣ ਦੀ ਆਗਿਆ ਨਾ ਹੋਵੇ ਅਤੇ ਏਨਾ ਸਮਾਂ ਵੀ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਜਾਂ ਸੰਬੰਧਤ ਵਿਅਕਤੀ ਦੀ ਮਨਜ਼ੂਰੀ ਲੈਣੀ ਜ਼ਰੂਰੀ ਹੋਵੇ।

ਰੀਪੋਰਟ ਦੇ ਇਨ੍ਹਾਂ ਮੁਦਿਆਂ ਨੂੰ ਗੁਹ ਨਾਲ ਵੇਖਣ ਵਾਲੇ ਇਸ ਸਿੱਟੇ ਉਤੇ ਤਾਂ ਸਹਿਜੇ ਹੀ ਪਹੁੰਚ ਰਹੇ ਹਨ ਕਿ ਕਮੇਟੀ ਦੀ ਇਹ ਰੀਪੋਰਟ ਸੰਤ ਭਿੰਡਰਾਂਵਾਲੇ ਨੂੰ ਇਸ ਢੰਗ ਨਾਲ ਖੁਸ਼ ਕਰਨ ਦੀ ਕੋਸ਼ਿਸ਼ ਹੈ ਕਿ ਗੁਰਚਰਨ ਸਿੰਘ ਨੂੰ ਸਕੱਤਰੀ ਤੋਂ ਲਾਹੇ ਜਾਣ ਦੀ ਸਿਫਾਰਸ਼ ਕੀਤੀ ਜਾ ਰਹੀ ਹੈ। ਹੁਣ ਜਦੋਂ ਗੁਰਚਰਨ ਸਿੰਘ ਦਲ ਦਾ ਸਕੱਤਰ ਨਹੀਂ ਰਿਹਾ ਤਾਂ ਨਿਸ਼ਚੇ ਹੀ ਭਿੰਡਰਾਂਵਾਲਾ ਦੇ ਹਮਾਇਤੀ ਲਈ ਉਸਤੋਂ ਸੋਢੀ ਦੇ ਕਤਲ ਦਾ ਬਦਲਾ ਲੈਣਾ ਸੌਖਾ ਹੋ ਜਾਏਗਾ ਕਿਉਂਕਿ ਅਜੇਹਾ ਕਰਨ ਨਾਲ ਭਿੰਡਰਾਂਵਾਲੇ ਦਾ ਅਕਾਲੀ ਦਲ ਨਾਲ ਕੋਈ ਸਿੱਧਾ ਟਕਰਾਓ ਨਹੀਂ ਹੋਵੇਗਾ ਅਤੇ ਇਹ ਗੱਲ ਵੀ ਹੋਵੇਗੀ ਕਿ ਭਿੰਡਰਾਂਵਾਲੇ ਦੇ ਹਮਾਇਤੀਆਂ ਦੀ ਲੜਾਈ ਸਿਰਫ ਗੁਰਚਰਨ ਸਿੰਘ ਰਹਿ ਜਾਵੇਗੀ ਅਕਾਲੀ ਦਲ ਸਿੱਧੇ ਤੌਰ ਉਤੇ ਇਸ ਵਿਚੋਂ ਨਿਕਲ ਜਾਵੇਗਾ। ਇਸਦਾ ਅਰਥ ਸਾਫ ਹੈ ਕਿ ਅਕਾਲੀ ਦਲ ਸੰਤ ਭਿੰਡਰਾਂਵਾਲੇ ਨਾਲ ਸਿਧਾ ਟਕਰਾਓ ਤੋਂ ਬਚ ਨਿਕਲਣ ਦੀ ਕੋਸ਼ਿਸ਼ ਵਿਚ ਵੀ ਸਭ ਕੁਝ ਕਰ ਰਿਹਾ ਹੈ। ਇਸੇ ਦੌਰਾਨ ਇਹ ਖਬਰਾਂ ਵੀ ਆਈਆਂ ਹਨ ਕਿ ਸੰਤ ਭਿੰਡਰਾਂਵਾਲਾ ਅਤੇ ਸੰਤ ਲੌਂਗੋਵਾਲ ਵਿਚਕਾਰ ਤਕਰਾਰ ਏਨਾ ਵਧ ਗਿਆ ਹੈ ਕਿ ਸੰਤ ਭਿੰਡਰਾਂਵਾਲੇ ਨੇ ਸੰਤ ਲੌਂਗੋਵਾਲ ਨੂੰ ਇਕ ਮਹੀਨੇ ਦੇ ਵਿਚ ਵਿਚ ਦਰਬਾਰ ਸਾਹਿਬ ਵਿਚੋਂ ਬਾਹਰ ਨਿਕਲ ਜਾਣ ਲਈ ਅਲਟੀਮੇਟਮ ਦਿਤਾ ਹੋਇਆ ਹੈ। ਭਿੰਡਰਾਂਵਾਲੇ ਨੇ ਆਪਣੇ ਦੁਆਲੇ ਹਥਿਆਰਬੰਦ ਲੋਕਾਂ ਅਤੇ ਹਥਿਆਰਾਂ ਦਾ ਏਨਾ ਕੁ ਭੰਡਾਰ ਜਮ੍ਹਾਂ ਕਰ ਲਿਆ ਹੈ ਕਿ ਉਹ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੂੰ ਐਵੇਂ ਵਾਧੂ ਦਾ ਰੌਲਾ ਹੀ ਸਮਝਦਾ ਹੈ ਅਤੇ ਹੁਣ ਦਰਬਾਰ ਸਾਹਿਬ ਉਤੇ ਉਹ ਆਪਣਾ ਹੀ ਕਬਜ਼ਾ ਸਮਝ ਰਿਹਾ ਹੈ। ਅਕਾਲੀ ਦਲ ਦੇ ਸਾਰੇ ਵੱਡੇ ਗੁਰੂ ਜਾਂ ਤਾਂ ਜੇਲ੍ਹਾਂ ਵਿਚ ਬੈਠੇ ਹਨ ਤੇ ਜਾਂ ਫਿਰ ਚੁੱਪ ਚਾਪ ਆਪਣੇ ਘਰੀਂ ਜਾ ਵੜੇ(ਬਲਵੰਤ ਸਿੰਘ) ਹਨ। ਕੋਈ ਵੀ ਵੱਡਾ ਆਗੂ ਇਸ ਵੇਲੇ ਕੋਈ ਬਿਆਨ ਵਗੈਰਾ ਵੀ ਨਹੀਂ ਦੇ ਰਿਹਾ।

## ਸੋਚਿਆ ਹੋਰ ਸੀ ਹੋ ਕੁਝ ਹੋਰ ਗਿਆ

ਅਕਾਲੀ ਦਲ ਹੁਣ ਅਜੇਹੀ ਕੋਈ ਤਰਕੀਬ ਸੋਚ ਰਿਹਾ ਪ੍ਰਤੀਤ ਹੁੰਦਾ ਹੈ ਕਿ ਇਸ ਮੋਰਚੇ ਤੋਂ ਪਿਛਾ ਕਿਵੇਂ ਛੁਡਵਾਇਆ ਜਾਵੇ। ਪਿੰਡਾਂ ਵਿਚ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਪਾੜਾ ਵਧਾਉਣ ਤੋਂ ਬਿਨਾਂ ਇਸ ਮੋਰਚੇ ਨੇ ਕੁਝ ਵੀ ਹੋਰ ਨਹੀਂ ਕੀਤਾ। ਦੋਹਾਂ ਧਿਰਾਂ ਦੀਆਂ ਜਾਇਦਾਦਾਂ ਅਤੇ ਬੰਦੇ ਮਾਰਨ ਤੋਂ ਬਿਨਾਂ ਇਸ ਮੋਰਚੇ ਨੇ ਹੋਰ ਕੁਝ ਨਹੀਂ ਕੀਤਾ। ਸਿੱਖਾਂ ਨੂੰ ਸਾਰੇ ਦੇਸ਼ ਵਿਚ 'ਗ਼ਦਾਰ' ਦਾ ਖਿਤਾਬ ਦਵਾਉਣ ਤੋਂ ਬਿਨਾਂ ਹੋਰ ਇਸ ਮੋਰਚੇ ਨੇ ਕੁਝ ਨਹੀਂ ਕੀਤਾ। ਇਹ ਗੱਲਾਂ ਉਦੋਂ ਹੋਰ ਵੀ ਸ਼ਿਦਤ ਨਾਲ ਮਹਿਸੂਸ ਕੀਤੀਆਂ ਗਈਆਂ ਜਦੋਂ ਪੰਜਾਬ ਦੇ ਅਤਿਵਾਦੀਆਂ ਦੇ ਸੰਬੰਧ ਪਾਕਿਸਤਾਨ ਨਾਲ ਹੋਣ ਬਾਰੇ ਪੁਸ਼ਟੀ ਦੀਆਂ ਖਬਰਾਂ ਆਈਆਂ ਅਤੇ ਪਾਕਿਸਤਾਨ ਤੋਂ ਦਰਬਾਰ ਸਾਹਿਬ ਪਹੁੰਚੇ ਹਥਿਆਰਾਂ ਬਾਰੇ ਵੀ ਤੱਥ ਕੋਈ ਲੁਕੇ ਛਿਪੇ ਨਾ ਰਹੇ। ਪਾਣੀਆਂ ਦੀ ਵੰਡ ਅਤੇ ਇਲਾਕਾਈ ਝਗੜਿਆਂ ਨੂੰ ਨਿਪਟਾਉਣ ਲਈ ਸ਼ੁਰੂ ਹੋਇਆ ਮੋਰਚਾ ਇਕ ਸਟੇਜ ਉਤੇ ਧਾਰਾ 25 ਵਿਚ ਸੋਧ ਕਰਨ ਦਾ ਮੋਰਚਾ ਬਣ ਕੇ ਰਹਿ ਗਿਆ ਤੇ ਜਦੋਂ ਸਰਕਾਰ ਨੇ ਇਸ ਸੋਧ ਉਤੇ ਵਿਚਾਰ ਲਈ ਵੀ ਹਾਮੀ ਭਰ ਦਿਤੀ ਤਾਂ ਮੋਰਚੇ ਸਾਹਮਣੇ ਕੋਈ ਮੰਗ ਹੀ ਨਹੀਂ ਰਹੀ। ਦੋ ਤੋਂ ਸੱਤ ਅਪਰੈਲ ਵਾਲਾ 'ਪੰਥ ਆਜ਼ਾਦ' ਹਫਤਾ ਵਾਪਸ ਲਏ ਜਾਣ ਉਪਰੰਤ ਦਲ ਦਾ ਅਗਲਾ ਕੋਈ ਵੀ ਪ੍ਰੋਗਰਾਮ ਨਹੀਂ ਆਇਆ। ਹੁਣ ਦਲ ਦੇ ਆਗੂਆਂ ਦੀ ਇਕੋ ਮੰਗ ਰਹਿ ਗਈ ਹੈ ਕਿ ਧਾਰਾ 25 ਸਾੜਨ ਦੇ ਦੋਸ਼ ਵਿਚ ਫੜੇ ਗਏ ਆਕਾਲੀ ਆਗੂਆਂ ਨੂੰ ਰਿਹਾ ਕੀਤਾ ਜਾਵੇ। ਇਹ ਮੰਗ ਵੀ ਸਿਰਫ ਬਿਆਨਬਾਜ਼ੀ ਤੱਕ ਹੀ ਸੀਮਤ ਹੈ। ਉਨ੍ਹਾਂ ਦੀ ਰਿਹਾਈ ਲਈ ਅਕਾਲੀ ਦਲ ਕੀ ਕਦਮ ਚੁਕ ਰਿਹਾ ਹੈ ਇਸ ਬਾਰੇ ਕੋਈ ਵੀ ਸੰਕੇਤ ਨਹੀਂ ਆਇਆ। ਭਾਵੇਂ ਇਸ ਵੇਲੇ ਫਿਰੋਜ਼ਪੁਰ, ਮੋਗਾ ਅਤੇ ਚੰਡੀਗੜ੍ਹ ਵਿਚ ਕਰਫਿਊ ਜਾਰੀ ਹੈ ਪਰ ਇਸਦਾ ਕਾਰਨ ਪੁਲਸ ਨਾਲ ਹੋਈਆਂ ਫਿਰਕੂ ਝੜਪਾਂ ਹਨ — ਮੋਰਚਾ ਨਹੀਂ। ਮੋਰਚਾ ਤਾਂ ਪਿਛੇ ਪੈ ਚੁੱਕਾ ਹੈ — ਸਭ ਨਾਲੋਂ ਵੱਧ ਤਨਾਓ ਵਾਲੀ ਹਾਲਤ ਹੈ ਮੋਗਾ ਸ਼ਹਿਰ ਵਿਚ — ਮੋਗੇ ਦੇ ਗੁਰਦੁਆਰੇ ਤੋਂ ਚਲਾਈ ਜਾ ਰਹੀ ਭਿੰਡਰਾਂਵਾਲਾ ਦੇ ਭਰਾ ਜਗਮੀਤ ਸਿੰਘ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਹੋਰ ਆਗੂਆਂ ਦੀ ਰਿਹਾਈ ਦੀ ਮੰਗ ਲਈ ਜਦੋ ਜਹਿਦ ਪੁਲਸ ਅਤੇ ਬੀ. ਐਸ. ਐਫ ਨਾਲ ਹਥਿਆਰਬੰਦ ਟਕਰਾਂ ਵਿਚ ਬਦਲ ਜਾਂਦੀ ਹੈ। ਜਿਸ ਨਾਲ ਮਾਹੌਲ ਫੇਰ ਤਨਾਓ ਵਾਲਾ ਬਣ ਜਾਂਦਾ ਹੈ ਤੇ ਕਰਫਿਊ ਵਾਰ ਵਾਰ ਚੁੱਕ ਕੇ ਫੇਰ ਲਾਉਣਾ ਪੈਂਦਾ ਹੈ। ਇਸ ਹਾਲਤ ਵਿਚ ਪੰਜਾਬੀਆਂ ਦੀਆਂ ਚੌਹਾਂ ਹੀ ਯੂਨੀਵਰਸਟੀਆਂ ਦੇ ਪਰਚੇ ਅਣਮਿਥੇ ਸਮੇਂ ਲਈ ਲਗਾਤਾਰ ਮੁਲਤਵੀ ਹਨ ਅਤੇ ਇਨ੍ਹਾਂ ਦੇ ਹੋਣ ਦਾ ਕੋਈ ਆਸਾਰ ਕਿਧਰੇ ਨਜ਼ਰ ਨਹੀਂ ਆਉਂਦਾ। ਪੰਜਾਬ ਦੇ ਦੋ ਲੱਖ ਦੇ ਕਰੀਬ ਵਿਦਿਆਰਥੀਆਂ ਦਾ ਸਾਲ ਖਰਾਬ ਹੋ ਰਿਹਾ ਹੈ। ਵਾਈਸ ਚਾਂਸਲਰਾਂ ਦੀ ਮੀਟਿੰਗ ਵਿਚ ਇਹ ਗੱਲ ਉਠੀ ਹੈ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਤੋਂ ਪਾਬੰਦੀ ਚੁੱਕ ਲਈ ਜਾਵੇ ਅਤੇ ਪਰਚੇ ਕਰਵਾ ਦਿਤੇ ਜਾਣ। ਪਰ ਸਰਕਾਰ ਦਾ ਕਹਿਣਾ ਹੈ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਅਸਲ ਵਿਚ ਕੋਈ ਵਿਦਿਆਰਥੀ ਜਥੇਬੰਦੀ ਨਹੀਂ ਹੈ — ਹੁਣ ਤੱਕ ਫੜੇ ਗਏ ਇਸਦੇ ਤਿੰਨ ਸੌ ਦੇ ਕਰੀਬ ਕਾਰਕੁਨਾਂ ਵਿਚ ਸਿਰਫ ਅੱਠ ਵਿਦਿਆਰਥੀ ਹਨ। ਇਸ ਜਥੇਬੰਦੀ ਨੇ ਸਾਰੇ ਗੈਰ-ਵਿਦਿਆਰਥੀ ਹੀ ਭਰਤੀ ਕੀਤੇ ਹੋਏ ਹਨ ਪਰ ਆਪਣਾ ਨਾਂਅ ਸਿੱਖ ਸਟੂਡੈਂਟਸ ਫੈਡਰੇਸ਼ਨ ਰਖਿਆ ਹੋਇਆ ਹੈ। ਪਾਬੰਦੀ ਚੁੱਕ ਲੈਣ ਨਾਲ ਵੀ ਪਰਚੇ ਹੋਣੇ ਸੰਭਵ ਨਹੀਂ ਹਨ — ਇਸ ਕਰਕੇ ਇਸ ਨੂੰ ਚੁਕਿਆ ਜਾਣਾ ਸੰਭਵ ਨਹੀਂ ਹੈ।

ਇਸ ਸਾਰੀ ਸਥਿਤੀ ਵਿਚ ਹਾਲਤ ਬੇਹੱਦ ਅਨਿਸਚਿਤ ਬਣੇ ਹੋਏ ਹਨਨ। ਅਕਾਲੀ ਦਲ ਖੁਦ ਦੁਬਿਧਾ ਵਿਚ ਹੈ ਕਿ ਉਹ ਕੀ ਕਰੇ। ਭਿੰਡਰਾਂਵਾਲਾ ਨੂੰ ਅਕਾਲੀ ਦਲ ਨੇ ਸਰਕਾਰ ਉਤੇ ਦਬਾਅ ਪਾਉਣ ਦੇ ਸਾਧਨ ਵਜੋਂ ਅਪਨਾਇਆ ਸੀ ਪਰ ਹੁਣ ਸਾਰਾ ਮੋਰਚਾ ਉਸਦੇ ਹੱਥਾਂ ਵਿਚ ਚਲਾ ਗਿਆ ਹੈ ਅਤੇ ਹਿੰਸਕ ਰੂਪ ਅਖਤਿਆਰ ਕਰ ਗਿਆ ਹੈ। ਅਤਿਵਾਦੀ ਗਰੁਪਾਂ ਵਲੋਂ ਬੈਂਕਾਂ ਲੁੱਟਣਾ, ਇਕੋ ਫਿਰਕੇ ਦੇ ਲੋਕਾਂ ਨੂੰ ਗਾਹੇਵਗਾਹੇ ਕਤਲ ਕਰਨਾ, ਬੱਸਾਂ ਵਿਚ ਸਫਰ ਕਰਨ ਵਾਲਿਆਂ ਨੂੰ ਵੇਲੇ ਕੁਵੇਲੇ ਲੁਟ ਲੈਣਾ ਜਾਂ ਬੇਪਤ ਕਰਨਾ ਅਤੇ ਸੀ. ਆਰ. ਪੀ. ਦੇ ਸਿਪਾਹੀਆਂ ਨੂੰ ਗੋਲੀਆਂ ਮਾਰ ਕੇ ਜਾਂ

(ਬਾਕੀ ਪੰਨਾ 5 ਤੇ)


# SUNSET PRINTING LTD.

**4277 Fraser Street, Vancouver, B.C. V5V 4G1**

**(604)874-2023**

- Bus. Cards
- Envelopes
- Letterheads
- Numbering

- Flyers
- NCR Forms
- Crash Imprints
- Work Orders

- ਬਿਜ਼ਨਿਸ ਕਾਰਡ
- ਲਿਫ਼ਾਫ਼ੇ
- ਲੈਟਰਹੈੱਡਜ਼
- ਨੰਬਰਿੰਗ

- ਇਸ਼ਤਿਹਾਰ
- ਐਨ. ਸੀ. ਆਰ. ਫਾਰਮ
- ਕਰੈਸ਼ ਇੰਪਰੈਂਟਜ਼
- ਵਰਕ ਆਰਡਰ

# ਪੰਜਾਬ ਦਰਪਣ

## ਸਿਖ ਪਰਸਨਲ ਲਾਅ ਉਲੀਕਣ ਲਈ ਕਮੇਟੀ ਦੀ ਸਥਾਪਣਾ

ਅੰਮਿਰਤਸਰ — ਸ਼ੋਮਣੀ ਪ੍ਰਬੰਧਕ ਕਮੇਟੀ ਦੇ ਕਾਇਮ ਮੁਕਾਮ ਪ੍ਰਧਾਨ ਸ੍ਰੀ ਆਤਮਾ ਸਿੰਘ ਨੇ 21 ਮੈਂਬਰਾਂ ਦੀ ਇਕ ਕਮੇਟੀ ਬਣਾਈ ਹੈ ਜੋ ਵਿਧਾਨ ਦੀ ਧਾਰਾ 25 ਵਿਚ ਸੋਧ ਦੇ ਸੁਝਾਅ ਅਤੇ ਸਿਖ ਪਰਸਨਲ ਲਾਅ ਨੂੰ ਉਲੀਕਣ ਦੇ ਸੁਝਾਅ ਦੇਵੇਗੀ।

ਸ੍ਰੀ ਗੁਰਦਰਸ਼ਨ ਸਿੰਘ ਗਰੇਵਾਲ ਇਸ ਕਮੇਟੀ ਦੇ ਕਰਤਾ ਧਰਤਾ ਹੋਣਗੇ ਅਤੇ ਹੋਰ ਮਾਹਰਾਂ ਵਿਚ ਜਸਟਸ ਗੁਰਦੇਵ ਸਿੰਘ ਅਤੇ ਸ੍ਰੀ ਅਜੀਤ ਸਿੰਘ ਜੀ ਸਰਹੱਦੀ , ਸ੍ਰੀ ਅਜਮੇਰ ਸਿੰਘ ਅਤੇ ਦਾਰਾ ਸਿੰਘ ਐਡਵੋਕੇਟ ਸ਼ਾਮਲ ਹਨ।

ਕਮੇਟੀ ਨੂੰ ਦੋ ਮਹੀਨੇ ਵਿਚ ਸਾਰਾ ਕੰਮ ਮੁਕੱਮਲ ਕਰਣ ਲਈ ਕਿਹਾ ਗਿਆ ਹੈ।

## ਦੁਨੀਆ ਵਿਚ ਵਸਦੇ ਸਭ ਸਿੱਖਾਂ ਦੀ ਰਾਇ ਲਈ ਜਾਵੇ — ਗੁਰਚਰਨ ਸਿੰਘ ਨਿਹਾਲੇਵਾਲਾ

ਨਵੀਂ ਦਿੱਲੀ — ਕਾਂਗਰਸੀ ਪਾਰਲੀਮੈਂਟ ਮੈਂਬਰ ਸ.ਗੁਰਚਰਨ ਸਿੰਘ ਨਿਹਾਲੇਵਾਲਾ ਨੇ ਆਪਣੀ ਰਾਏ ਦਿਤੀ ਹੈ ਕਿ ਦੁਨੀਆ ਵਿਚ ਵਸਦੇ ਸਮੁੱਚੇ ਸਿਖ ਜਗਤ ਦੀ ਰਾਇ ਲਈ ਜਾਵੇ ਕਿ ਦਰਬਾਰ ਸਾਹਿਬ ਅੰਦਰ ਜੋ ਕੁਝ ਵਾਪਰ ਰਿਹਾ ਹੈ ਇਹ ਕਿੱਥੋਂ ਤਕ ਜਾਇਜ਼ ਹੈ? ਉਨ੍ਹਾਂ ਕਿਹਾ ਕ੍ਰਿ ਸਿਖ ਧਰਮ ਜ਼ੁਲਮ ਦਾ ਮੁਕਾਬਲਾ ਕਰਨ ਲਈ ਬਣਿਆ ਸੀ ਨਾਕਿ ਨਿਹੱਥੇ ਲੋਕਾਂ ਤੇ ਗੋਲੀਆਂ ਚਲਾਕੇ ਆਪ ਜ਼ੁਲਮ ਕਰਨ ਲਈ।

ਸ੍ਰ.ਗੁਰਚਰਨ ਸਿੰਘ ਨਿਹਾਲੇਵਾਲਾ ਮੋਗਾ ਦੀ ਅਸੈਂਬਲੀ ਸੀਟ ਤੋਂ ਪਹਿਲਾਂ ਅਕਾਲੀ ਉਮੀਦਵਾਰ ਵਜੋਂ ਜਿੱਤੇ ਸਨ ਪਰ ਪਿਛਲੀ ਪਾਰਲੀਮੈਂਟ ਚੋਣ ਵਿਚ ਉਨ੍ਹਾਂ ਅਕਾਲੀ ਉਮੀਦਵਾਰ ਸੁਰਜੀਤ ਸਿੰਘ ਬਰਨਾਲਾ ਨੂੰ ਸੰਗਰੂਰ ਵਿਚ ਹਰਾਇਆ ਸੀ।

ਨਿਹਾਲੇਵਾਲਾ ਨੇ ਕਿਹਾ ਕਿ ਦਰਬਾਰ ਸਾਹਿਬ ਦੇ ਆਲੇ ਦੁਆਲੇ ਨੀਮ ਫੌਜੀ ਦਸਤੇ ਤਾਇਨਾਤ ਕੀਤੇ ਜਾਣ ਤਾਕਿ ਦਰਬਾਰ ਸਾਹਿਬ ਅੰਦਰ ਕਤਲੋਗਾਰਤ ਤੇ ਖੂਨ ਖਰਾਬਾ ਰੋਕਿਆ ਜਾਵੇ।

## ਸ੍ਰੀਮਤੀ ਨਾਰੰਗ ਨੂੰ ਮਾਲੀ ਸਹਾਇਤਾ

ਪਟਿਆਲਾ — ਅੱਤਵਾਦੀਆਂ ਵਲੋਂ ਗੋਲੀਆਂ ਨਾਲ ਹਲਾਕ ਕਰ ਦਿਤੇ ਗਏ ਇਕ ਸਥਾਨਕ ਦਵਾਈ ਵਿਕਰੇਤਾ ਅਰੁਣ ਨਾਰੰਗ ਦੀ ਰਸਮ ਭੋਗ ਦੇ ਮੌਕੇ ਤੇ ਉਸ ਦੀ ਵਿਧਵਾ ਨੂੰ 55000 ਰੁਪਏ ਸਹਾਇਤਾ ਭੇਟ ਕੀਤੀ ਗਈ।

ਇਸ ਵਿਚ ਜ਼ਿਲਾ ਪ੍ਰਸ਼ਾਸਨ ਨੇ ਦਸ ਹਜ਼ਾਰ ਰੁਪਏ ਸਰਹਿੰਦੀ ਬਾਜ਼ਾਰ ਕਮੇਟੀ ਨੇ 27000 ਹਜ਼ਾਰ ਰੁਪਏ ਅਤੇ ਸ਼ਹਿਰੀ ਅਮਨ ਕਮੇਟੀ ਨੇ 18000 ਹਜ਼ਾਰ ਰੁਪਏ ਦਿਤੇ ਹਨ। ਸ੍ਰੀ ਨਾਰੰਗ ਆਪਣੇ ਪਿਛੇ ਵਿਧਵਾ ਅਤੇ ਦੋ ਬੱਚੇ ਛੱਡ ਗਏ ਹਨ।

(ਪੰਨਾ 4 ਦੀ ਬਾਕੀ)

ਉਨ੍ਹਾਂ ਉਤੇ ਗਰਨੇਡ ਸੁੱਟ ਕੇ ਦੌੜ ਜਾਣਾ, ਸਕੂਲਾਂ ਕਾਲਜਾਂ ਨੂੰ ਅੱਗਾਂ ਲਾ ਕੇ ਵਿਦਿਆਰਥੀਆਂ ਵਿਚ ਦਹਿਸ਼ਤ ਪੈਦਾ ਕਰਨਾ ਆਦਿ ਕੰਮਾਂ ਤੋਂ ਬਿਨਾਂ ਹੁਣ ਮੋਰਚੇ ਦੀ ਹੋਰ ਕੋਈ ਸਰਗਰਮੀ ਨਹੀਂ ਹੈ .... ਤੇ ਜਾਂ ਫਿਰ ਸਾਰੀਆਂ ਸਰਗਰਮੀਆਂ ਦਰਬਾਰ ਸਾਹਿਬ ਦੇ ਅੰਦਰ ਕੇਂਦਰਿਤ ਹੋ ਗਈਆਂ ਹਨ ਕਿ ਵੱਧ ਤੋਂ ਵੱਧ ਹਥਿਆਰ ਇਕੱਠੇ ਕਰਨਾ ਤੇ ਏਨੀ ਮਾਤਰਾ ਵਿਚ ਹਥਿਆਰਬੰਦ ਵਿਅਕਤੀ ਜਮ੍ਹਾਂ ਰਖਣਾ ਕਿ ਦਰਬਾਰ ਸਾਹਿਬ ਵਿਚ ਟਿਕੇ ਰਿਹਾ ਜਾ ਸਕੇ ਅਤੇ ਬਾਹਰ ਦੀ ਪੁਲਸ ਤੋਂ ਵੀ ਬਚਾ ਰਹੇ ਤੇ ਅੰਦਰਲੇ ਵਿਰੋਧ ਤੋਂ ਵੀ ਇਸ ਹਾਲਤ ਵਿਚ ਅਕਾਲੀ ਦਲ ਦੇ ਜੇਲ੍ਹਾਂ ਵਿਚ ਗਏ ਆਗੂ ਕੁਝ ਖੁਸ਼ ਨਜ਼ਰ ਆ ਰਹੇ ਹਨ ਕਿ ਉਹ ਇਸ ਸਾਰੀ ਲੁੱਟ ਖੋਹ ਤੋਂ ਖਿਚਾ ਧੂਹੀ ਤੋਂ ਚੰਗੇ ਵੇਲੇ ਬਚ ਗਏ। ਉਨ੍ਹਾਂ ਵਿਚ ਬਹੁਤੇ ਉਹ ਸ਼ਾਮਲ ਹਨ ਜਿਹੜੇ ਧਾਰਾ 25 ਸਾੜੇ ਜਾਣ ਦਾ ਵਿਰੋਧ ਕਰਦੇ ਸਨ। ਉਦੋਂ ਸੰਤ ਲੌਂਗੋਵਾਲ ਨੇ ਜ਼ਿਦ ਫੜੀ ਹੋਈ ਸੀ ਅਤੇ ਉਹ ਸਮਝਦੇ ਸਨ ਕਿ ਇਸ ਤਰ੍ਹਾਂ ਦਾ ਗਰਮ ਨਾਅਰਾ ਦੇ ਕੇ ਉਹ ਸੰਤ ਭਿੰਡਰਾਂਵਾਲੇ ਨਾਲੋਂ ਵਧੇਰੇ ਲੋਕ ਪ੍ਰਿਯਤਾ ਹਾਸਲ ਕਰ ਸਕਦੇ ਹਨ ਪਰ ਹੁਣ ਉਨ੍ਹਾਂ ਨੂੰ ਇਹ ਸਪਸ਼ਟ ਹੋ ਗਿਆ ਜਾਪਦਾ ਹੈ ਕਿ ਗਰਮ ਨਾਅਰਿਆਂ ਵਿਚ ਸੰਤ ਭਿੰਡਰਾਂਵਾਲੇ ਨੂੰ ਕੋਈ ਨਹੀਂ ਜਿੱਤ ਸਕਦਾ ਅਤੇ ਇਸ ਵਿਚ ਉਸਦਾ ਸਾਨੀ ਕੋਈ ਨਹੀਂ ਹੈ।

## ਮਜ਼ਬੀ ਸਿੱਖਾਂ ਵਲੋਂ ਧਾਰਾ 25 ਦਾ ਵਿਰੋਧ

ਅੰਮ੍ਰਿਤਸਰ — ਆਲ ਇੰਡੀਆ ਸ਼੍ਰੋਮਣੀ ਬਾਬਾ ਜੀਵਨ ਸਿੰਘ ਮਜ਼ਬੀ ਦਲ ਨੇ ਕੇਂਦਰੀ ਸਰਕਾਰ ਨੂੰ ਕਿਹਾ ਹੈ ਕਿ ਵਿਧਾਨ ਦੀ ਧਾਰਾ 25 ਵਿਚ ਤਬਦੀਲੀ ਬਾਰੇ ਮਜ਼ਬੀ ਦਲ ਦੇ ਨੁਮਾਇੰਦਿਆਂ ਦੀ ਰਾਇ ਲਈ ਜਾਵੇ। ਇਕ ਪਰੈਸ ਰੀਲੀਜ਼ ਵਿਚ ਕਿਹਾ ਗਿਆ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਿੱਠੀ ਵਿਚ ਸੋਧ ਬਾਰੇ ਪੁਛਿਆ ਗਿਆ ਹੈ ਪਰ ਮਜ਼ਬੀ ਦਲ ਇਸ ਧਾਰਾ ਦੇ ਬਦਲੇ ਜਾਣ ਦਾ ਵਿਰੋਧ ਕਰਦਾ ਹੈ।

ਮਜ਼ਬੀ ਦਲ ਨੇ ਕਿਹਾ ਕਿ ਅਕਾਲੀ ਦਲ ਦਾ ਮੋਰਚਾ ਅਸਲ ਵਿਚ ਮਜ਼ਬੀ ਸਿਖਾਂ ਦੇ ਵਿਰੁੱਧ ਲਾਇਆ ਗਿਆ ਮੋਰਚਾ ਹੈ।

## ਪਾਕਿਸਤਾਨੀਆਂ ਵਲੋਂ ਖਾਲਿਸਤਾਨੀਆਂ ਦੀ ਵਕਾਲਤ ਲਈ ਪੁਸਤਕ ਛਪੀ

ਲਾਹੌਰ — ਇਕ ਸੂਚਨਾ ਅਨੁਸਾਰ ਲਾਹੌਰ ਵਿਚ ਇਕ ਪੁਸਤਕ ਛਪੀ ਹੈ ਜਿਸਨੂੰ ਤਾਰਿਕ ਅਸਮਾਈਲ ਸਾਗਰ ਨਾਂ ਦੇ ਪਾਕਿਸਤਾਨੀ ਲੇਖਕ ਨੇ ਉਰਦੂ ਅੱਖਰਾਂ ਵਿਚ ਛਾਪਿਆ ਹੈ ਜਿਸ ਵਿਚ 'ਖਾਲਿਸਤਾਨ ਹਕੀਕਤ' ਦਾ ਜ਼ਿਕਰ ਹੈ। ਕਿਤਾਬ ਦਾ ਨਾਂ 'ਮਾਜ਼ੀ ਕਾ ਖੁਆਬ — ਮੁਸਤਕਬਿਲ ਕੀ ਹਕੀਕਤ' ਦਸਿਆ ਗਿਆ ਹੈ।

ਇਸ ਪੁਸਤਕ ਵਿਚ ਲਿਖਿਆ ਗਿਆ ਹੈ ਕਿ ਕਾਂਗਰਸ ਨੇ ਹਮੇਸ਼ਾ ਸਿਖਾਂ ਨੂੰ ਬੇਵਕੂਫ ਬਣਾਇਆ ਹੈ। ਵੰਡ ਤੋਂ ਪਹਿਲਾਂ ਵੀ ਸਿਖਾਂ ਨੂੰ ਆਪਣਾ ਉਲੂ ਸਿਧਾ ਕਰਨ ਲਈ ਵਰਤਿਆ ਗਿਆ। ਲੇਖਕ ਅਨੁਸਾਰ ਮਾਸਟਰ ਤਾਰਾ ਸਿੰਘ ਨੂੰ ਵੀ ਹਿੰਦੂ ਲੀਡਰਾਂ ਨੇ ਆਪਣੇ ਮਤਲਬ ਲਈ ਵਰਤਿਆ ਤੇ ਏਸੇ ਤਰਾਂ ਸ੍ਰ ਬਲਦੇਵ ਸਿੰਘ ਨੂੰ

ਪੁਸਤਕ ਵਿਚ ਹਰਜਿੰਦਰ ਸਿੰਘ ਦਿਲਗੀਰ ਦੀ ਪੁਸਤਕ ਦੀਆਂ ਟੂਕਾਂ ਦਿਤੀਆਂ ਹਨ ਕਿ ਸਿਖ ਹਿੰਦੂਆਂ ਨਾਲੋਂ ਮੁਸਲਮਾਨਾ ਦੇ ਵਧੇਰੇ ਨੇੜੇ ਹਨ।

---

ਸਰਾਪ ਬਣਨ ਲਈ ਰੁਕ ਗਿਆ ਸੀ ਪਲ ਜਿਹੜਾ,
ਮੈਂ ਡਿੱਠਾ ਵਕਤ ਦੇ ਖੰਭਾਂ ਨੂੰ ਨੋਚਦਾ ਹੋਇਆ।

## ਬਰਮਿੰਘਮ ਵਿਚ ਇੰਟਰ—ਨੈਸ਼ਨਲ ਸਿਖ ਕਾਨਫਰੰਸ

### 'ਖਾਲਿਸਤਾਨ' ਦੇ ਮਤੇ ਤੇ ਲੋਕ ਵਾਕ ਆਊਟ ਕਰ ਗਏ

ਲੰਡਨ — ਭਰੋਸੇਯੋਗ ਸੂਤਰਾਂ ਅਨੁਸਾਰ ਪਿਛਲੇ ਦਿਨ ਬਰਮਿੰਘਮ ਵਿਚ ਇਕ ਸਿਖ ਇੰਟਰਨੈਸ਼ਨਲ ਕਾਨਫਰੈਂਸ ਬੁਲਾਈ ਗਈ ਜਿਸ ਦਾ ਪ੍ਰਬੰਧ ਸ੍ਰੀ ਜੀ.ਐਸ.ਗਿੱਲ ਨਾਂ ਦੇ ਵਿਅਕਤੀ ਨੇ ਕੀਤਾ। ਇਸ ਵਿਚ ਹੋਰ ਮਤਿਆਂ ਤੋਂ ਇਲਾਵਾ ਇਹ ਮਤਾ ਵੀ ਪੇਸ਼ ਕੀਤਾ ਗਿਆ ਕਿ ਸਿਖਾਂ ਨੂੰ 'ਏਅਰ ਇੰਡੀਆ' ਉਤੇ ਸਫਰ ਨਹੀਂ ਕਰਨਾ ਚਾਹੀਦਾ।

ਜਿਹੜੇ ਮਤੇ ਪਾਸ ਕੀਤੇ ਗਏ ਉਨ੍ਹਾਂ ਵਿਚ ਇਹ ਵੀ ਸ਼ਾਮਲ ਹੈਕਿ ਸਿਖ ਇਕ ਵਖਰੀ ਕੌਮ ਹੈ। ਸਿਖਾਂ ਦੀ ਆਵਾਜ਼ ਯੂ.ਐਨ.ਓ. ਵਿਚ ਸੁਣੀ ਜਾਣੀ ਚਾਹੀਦੀ ਹੈ। ਸਿਖਾਂ ਦਾ ਆਪਣਾ ਪ੍ਰਧਾਨ, ਵਿਧਾਨ ਤੇ ਝੰਡਾ ਹੋਣਾ ਚਾਹੀਦਾ ਹੈ, ਸਿਖਾਂ ਦੇ ਰਾਜ ਵਿਚ ਹਰਿਆਣਾ, ਹਿਮਾਚਲ ਪ੍ਰਦੇਸ਼ ਸ਼ਾਮਲ ਹੋਣੇ ਚਾਹੀਦੇ ਹਨ। ਪਟਨਾ ਸਾਹਿਬ ਤੇ ਹੋਰ ਸਿਖ ਇਤਿਹਾਸਕ ਥਾਵਾਂ ਨੂੰ ਧਾਰਮਿਕ ਮੁਕਾਮ ਮੰਨਿਆ ਜਾਣਾ ਚਾਹੀਦਾ ਹੈ।

ਜੀ.ਐਸ.ਗਿੱਲ ਦੀ ਅਗਵਾਈ ਹੇਠ ਇਕ ਕਮੇਟੀ ਵੀ ਬਣਾਈ ਗਈ ਹੈ ਜੋ 'ਏਅਰ ਇੰਡੀਆ' ਦੇ ਬਾਈਕਾਟ ਸਬੰਧੀ ਲੋਕਾਂ ਵਿਚ ਪ੍ਰਚਾਰ ਕਰੇਗੀ।

ਇਸ ਕਾਨਫਰੰਸ ਵਿਚ ਪ੍ਰੋ:ਉਦੇ ਸਿੰਘ ਨੇ ਅਖੰਡ ਕੀਰਤਨੀ ਜੱਥੇ ਦੀ ਮਹੱਤਤਾ ਦੱਸੀ। ਗਿਆਨੀ ਅਮੋਲਕ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਯੂ.ਕੇ) ਨੇ ਕਿਹਾ ਕਿ ਵਿਸਾਖੀ 1978 ਵਿਚ ਹੋਏ ਸ਼ਹੀਦਾਂ ਦੀ ਸ਼ਹੀਦ ਅਜਾਈਂ ਨਹੀਂ ਜਾਣ ਦਿਤੀ ਜਾਵੇਗੀ।

ਜਗਜੀਤ ਸਿੰਘ ਚੌਹਾਨ ਨੇ ਕਿਹਾਕਿ ਸਿਖਾਂ ਨੂੰ 'ਆਪਣਾ ਘਰ' ਚਾਹੀਦਾ ਹੈ ਤੇ ਇਸ ਘਰ ਦਾ ਨਾਂ 'ਖਾਲਿਸਤਾਨ' ਨਾਲੋਂ ਵਧੀਆ ਹੋਰ ਕੀ ਹੋ ਸਕਦਾ ਹੈ?

ਪਰ ਸਾਡੇ ਪੱਤਰਪ੍ਰੇਰਕ ਦਾ ਕਹਿਣਾ ਹੈ ਕਿ ਜਦੋਂ ਖਾਲਿਸਤਾਨ ਦਾ ਮਤਾ ਕਾਨਫਰੰਸ ਵਿਚ ਪੇਸ਼ ਹੋਇਆ ਤਾਂ ਅਧਿਓਂ ਬਹੁਤੇ ਸ਼ਾਮਲ ਵਿਅਕਤੀ ਕਾਨਫਰੰਸ ਵਿਚੋਂ ਵਾਕ ਆਊਟ ਕਰ ਗਏ।

ਏਅਰ ਇੰਡੀਆ ਤੇ ਸਫਰ ਰੋਕਣ ਲਈ ਸ੍ਰੀ ਜੀ.ਐਸ.ਗਿੱਲ ਨੇ ਕਿਹਾ ਕਿ 'ਅਸੀਂ ਬੰਦੇ ਰੋਕਾਂਗੇ ਵੀ ਤੇ ਜੇ ਬੰਦੇ ਨਾਂ ਰੁਕੇ ਤਾਂ ਬੰਦੇ ਮਾਰਾਂਗੇ ਵੀ'।

---

"ਬੜੇ ਖੁਸ਼ ਕਿਸਮਤ ਹੋ ਭਾਈ.
ਟਰੱਕ ਨਾਲ ਟੱਕਰ ਖਾ ਕੇ ਵੀ
ਕੇਵਲ ਸਾਧਾਰਣ ਚੋਟਾਂ ਆਈਆਂ,
ਪਰ ਤੂੰ ਰੋ ਕਿਉਂ ਰਿਹਾ ਹੈ?"
"ਉਸ ਤੇ ਲਿਖਿਆ ਸੀ ਫਿਰ
ਮਿਲਾਂਗੇ."

## ਅੰਗਰੇਜ਼ ਔਰਤ ਦਾ ਸੁਪਨਾ !

ਜਲੰਧਰ, (ਲੋਕ ਵਾਰਤਾ)—ਪਾਕਿਸਤਾਨ ਨੂੰ ਗੁਰਦੁਆਰਿਆਂ ਦੀ ਯਾਤਰਾ ਲਈ ਗਏ ਜਥੇ ਨਾਲ ਗਈਆਂ ਔਰਤਾਂ ਵਿਚੋਂ ਇਕ ਨੇ ਇਥੇ ਇਕ ਮੁਲਾਕਾਤ ਵਿਚ ਦਸਿਆ ਕਿ ਉਹਨਾਂ ਨੂੰ ਪਾਕਿਸਤਾਨ ਵਿਚ ਇਕ ਅੰਗਰੇਜ਼ ਔਰਤ ਮਿਲੀ ਜਿਸ ਨੇ ਆਪਣਾ ਸਾਰਾ ਸਮਾਂ ਭਾਰਤੀ ਔਰਤਾਂ ਨਾਲ ਇਹਨਾਂ ਗੱਲਾਂਬਾਤਾਂ ਉਤੇ ਲਾਇਆ ਕਿ "ਤੁਹਾਡਾ ਖਾਲਿਸਤਾਨ ਬਹੁਤ ਛੇਤੀ ਬਣਨ ਵਾਲਾ ਹੈ ਤੇ ਫੇਰ ਤੁਸੀਂ ਇਸ ਦੇਸ ਵਿਚ ਬਿਨਾਂ ਰੋਕ ਟੋਕ ਆਇਆ ਜਾਇਆ ਕਰੋਗੇ." ਜਥੇ ਨਾਲ ਗਈ ਔਰਤ ਨੇ ਦਸਿਆ ਕਿ ਉਹ ਅੰਗਰੇਜ਼ ਔਰਤ ਪੰਜਾਬੀ ਬੜੀ ਚੰਗੀ ਤਰ੍ਹਾਂ ਬੋਲ ਸਕਦੀ ਸੀ ਅਤੇ ਪਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਪ੍ਰਤੀ ਬਹੁਤ ਹੀ ਭੈੜੇ ਸ਼ਬਦਾਂ ਦੀ ਵਰਤੋਂ ਕਰਦੀ ਸੀ.


## ਫ਼ਾਰਮ ਵਰਕਰਾਂ ਦੀ ਲੋੜ

- ਸਾਰਾ ਸੀਜ਼ਨ ਕੰਮ ਹੋਵੇਗਾ
- ਅਨਇੰਪਲਾਈਮੈਂਟ ਲੈਣ ਲਈ ਸਟੈਂਪਾਂ ਪੂਰੀਆਂ ਮਿਲਣਗੀਆਂ
- ਵੈਨਕੂਵਰ, ਸਰੀ-ਡੈਲਟਾ, ਨਿਊਵੈਸਟਮਿਨਸਟਰ ਤੇ ਬਰਨਬੀ ਵਿਚੋਂ ਬੰਦੇ ਚੱਕ ਸਕਦੇ ਹਾਂ।

ਹੋਰ ਜਾਣਕਾਰੀ ਲਈ ਫ਼ੋਨ ਕਰੋ :—

251-4217
591-9459



VIDEO MART

3369 'A' KINGSWAY (near Joyce) VANCOUVER, 438-3355

GUARANTEED CLEAR PRINTS

GUARANTEED PRINTS

ਸਾਡੇ ਕੋਲੋਂ ਤੁਹਾਨੂੰ ਹਰ ਤਰ੍ਹਾਂ ਦੀਆਂ ਪੰਜਾਬੀ, ਹਿੰਦੀ, ਗੁਜਰਾਤੀ ਮੂਵੀਆਂ ਮਿਲ ਸਕਦੀਆਂ ਹਨ। ਵੀਡੀਓ ਮਸ਼ੀਨਾਂ ਤੇ ਟੀ. ਵੀ. ਵੀ ਮਿਲਦੇ ਹਨ।

FAST SERVICE GUARANTEED MAIL ORDERS ACCEPTED

ਵਧੀਆ ਪ੍ਰਿੰਟਾਂ ਲਈ ਹਮੇਸ਼ਾ ਕਿੰਗਜ਼ਵੇ ਤੇ ਵੀਡੀਓ ਮਾਰਟ ਨੂੰ ਯਾਦ ਰੱਖੋ

NARINDER JASWAL

JOGA S. MANN

## ਇਪਾਨਾ ਦਾ ਪ੍ਰੈਸ ਦੇ ਨਾਉਂ ਜਾਰੀ ਕੀਤਾ ਬਿਆਨ

ਇਸ ਪ੍ਰੈਸ ਨੋਟ ਰਾਹੀਂ ਭਾਰਤੀ ਕਮਿਊਨਿਟੀ ਦੇ ਮੈਂਬਰਾਂ ਅਤੇ ਹੋਰ ਸਬੰਧਤ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦੀਪ ਸਿੰਘ, ਜੋ ਕਿ ਤਕਰੀਬਨ ਪਿਛਲੇ ਦੋ ਸਾਲਾਂ ਤੋਂ ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੈਰਿਕਾ (ਇਪਾਨਾ) ਦੀ ਟਰਾਂਟੋ ਯੂਨਿਟ ਦਾ ਸੈਕਟਰੀ ਸੀ, 15 ਅਪਰੈਲ 1984 ਤੋਂ ਇਪਾਨਾ ਦਾ ਮੈਂਬਰ ਨਹੀਂ ਹੈ। ਜਥੇਬੰਦੀ ਦਾ ਡਸਿਪਲਨ ਭੰਗ ਕਰਨ ਕਾਰਣ ਦੀਪ ਸਿੰਘ ਦੀ ਮੈਂਬਰਸ਼ਿਪ ਖਤਮ ਕਰ ਦਿੱਤੀ ਗਈ ਹੈ।

15 ਅਪਰੈਲ ਤੋਂ ਬਾਅਦ ਦੀਪ ਸਿੰਘ ਵਲੋਂ ਜਾਰੀ ਕੀਤੇ ਗਏ ਕਿਸੇ ਭੀ ਬਿਆਨ ਦਾ ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੈਰਿਕਾ(ਇਪਾਨਾ) ਨਾਲ ਕੋਈ ਸਬੰਧ ਨਹੀਂ। ਟਰਾਂਟੋ ਵਿਚ ਇਪਾਨਾ ਨਾਲ ਸੰਪਰਕ ਪੈਦਾ ਕਰਨ ਲਈ ਤਾਨੀਆ ਦਾਸ ਗੁਪਤਾ ਨੂੰ 690-1204 ਤੇ ਟੈਲੀਫੋਨ ਕੀਤਾ ਜਾ ਸਕਦਾ ਹੈ।

## ਚਰਨਪਾਲ ਗਿੱਲ ਕੇਵਲ 9 ਵੋਟਾਂ ਨਾਲ ਹਰੇ

ਸਰੀ — ਡੈਲਟਾ—ਸਰੀ ਵਾਈਟ ਰੌਕ ਪਾਰਲੀਮੈਂਟ ਦੇ ਹਲਕੇ ਦੀ ਨੌਮੀਨੇਸ਼ਨ ਸਮੇਂ ਪਿਛਲੇ ਐਤਵਾਰ ਸ੍ਰੀ ਚਰਨਪਾਲ ਗਿੱਲ ਨੂੰ 103 ਵੋਟਾਂ ਪ੍ਰਾਪਤ ਹੋਈਆਂ ਉਨ੍ਹਾਂ ਦਾ ਦੂਜੇ ਉਮੀਦਵਾਰ ਨਾਲੋਂ ਕੇਵਲ 9 ਵੋਟਾਂ ਦਾ ਫਰਕ ਸੀ। ਸ੍ਰੀ ਚਰਨਪਾਲ ਗਿੱਲ ਐਨ.ਡੀ.ਪੀ. ਵਲੋਂ ਚੋਣ ਲਈ ਖੜੇ ਕੀਤੇ ਜਾਣ ਵਾਲੇ ਉਮੀਦਵਾਰਾਂ ਵਿਚੋਂ ਇਕ ਸਨ।

ਦਰਸ਼ਕਾਂ ਅਨੁਸਾਰ ਨੌਮੀਨੇਸ਼ਨ ਮੀਟਿੰਗ ਸਮੇਂ ਸ੍ਰੀ ਗਿੱਲ ਪਾਰਟੀ ਪਾਲਿਸੀ ਬਾਰੇ ਸਭ ਤੋਂ ਚੰਗੇ ਬੁਲਾਰੇ ਗਿਣੇ ਗਏ। ਪਰ ਬਹੁਤੀਆਂ ਵੋਟਾਂ ਦੀ ਕੁਮਿਟਮੈਂਟ ਪਹਿਲਾਂ ਹੋਣ ਕਾਰਨ ਦਰਸ਼ਕਾਂ ਅਨੁਸਾਰ ਅਸਲ ਵਿਚ ਉਹ ਚਰਨਪਾਲ ਗਿੱਲ ਦੀ ਜਿੱਤ ਹੈ। ਨੌਮੀਨੇਸ਼ਨ ਮੀਟਿੰਗ ਵਿਚ 40 ਵਿਅਕਤੀ ਭਾਰਤੀ ਮੂਲ ਦੇ ਵੀ ਸ਼ਾਮਲ ਸਨ ਪਰ ਸ੍ਰੀ ਗਿੱਲ ਨੂੰ ਬੁਹਤੀਆਂ ਵੋਟਾਂ ਕੈਨੇਡੀਅਨ ਮੂਲ ਦੇ ਵਿਅਕਤੀਆਂ ਤੋਂ ਮਿਲੀਆਂ।

## ਵਿਨੀਪੈਗ ਵਿਚ ਗੁਰਦਾਸ ਮਾਨ ਸ਼ੋਅ

ਵਿੱਨੀਪੈਗ — ਵਿੱਨੀਪੈਗ ਵਿਚ ਪਿਛਲੇ ਹਫਤੇ ਗੁਰਦਾਸ ਮਾਨ ਦਾ ਸ਼ੋਅ ਕਾਮਯਾਬੀ ਨਾਲ ਕਰਵਾਇਆ ਗਿਆ। ਹਫਤੇ ਦਾ ਵਿਚਕਾਰਲਾ ਦਿਨ ਹੋਣ ਦੇ ਬਾਵਜੂਦ ਵੀ ਪੰਜਾਬੀ ਲੋਕਾਂ ਨੇ ਗੁਰਦਾਸ ਮਾਨ ਅਤੇ ਉਸਦੀ ਪਾਰਟੀ ਨੂੰ ਬੜੇ ਧਿਆਨ ਨਾਲ ਸੁਣਿਆ। ਗੁਰਦਾਸ ਮਾਨ ਸਮਾਗਮ ਸਮੇਂ ਇਕ ਬੱਚੇ ਗਨੀ ਮਾਨ ਵਲੋਂ ਸੁਗਾਤ ਦੇ ਤੌਰ ਤੇ ਇਕ ਡਫਲੀ ਦਿਤੀ ਗਈ। ਪਿਆਰ ਨਾਲ ਗੁਰਦਾਸ ਨੇ ਬੱਚੇ ਦਾ ਮੱਥਾ ਚੁੰਮਿਆ ਅਤੇ ਉਸਨੂੰ ਵੱਡਾ ਹੋਕੇ ਗੀਤਕਾਰ ਬਣਨ ਦੀ ਆਸ਼ੀਰਵਾਦ ਦਿੱਤੀ।

---

ਤਰਾਸ਼ਿਆ ਸੀ ਮੈਂ ਖ਼ੁਦ ਜਿਸ ਨੂੰ ਬੁਤ ਦਾ ਬੁਤ ਹੀ ਰਿਹਾ,
ਨ ਗੌਲਿਆ ਸੀ ਕਦੇ ਜਿਸ ਨੂੰ, ਉਹ ਖ਼ੁਦਾ ਹੋਇਆ।

## ਕੈਨੇਡਾ ਵਿਚ ਵਸਣ ਵਾਲੇ ਭਾਰਤੀਆਂ ਦੇ ਨਾਂ ਸੁਨੇਹਾ



ਕੈਨੇਡਾ, ਖਾਸ ਕਰਕੇ ਬ੍ਰਿਟਿਸ਼ ਕੁਲੰਬੀਆ, ਭਾਰਤ ਦੀ ਆਜ਼ਾਦੀ ਦੇ ਘੁਲਾਟੀਆਂ ਦਾ ਅਹਿਮ ਕਰਾਂਤੀਕਾਰੀ ਕੇਂਦਰ ਰਿਹਾ ਹੈ। ਵੀਹਵੀਂ ਸਦੀ ਦੇ ਆਰੰਭ ਵਿਚ ਏਥੇ ਆਏ ਭਾਰਤੀਆਂ ਨੇ ਗ਼ਦਰ ਪਾਰਟੀ ਦਾ ਮੁੱਢ ਬੰਨਣ ਵਿਚ ਅਹਿਮ ਹਿਸਾ ਪਾਇਆ ਹੈ। ਕਾਮਾਗਾਟਾ ਮਾਰੂ ਦੇ ਸਾਕੇ ਤੋਂ ਵੈਨਕੂਵਰ ਤੇ ਏਥੇ ਵਸਦੇ ਭਾਰਤੀਆਂ ਦੇ ਰੋਲ ਨੂੰ ਅੱਡ ਨਹੀਂ ਕੀਤਾ ਜਾ ਸਕਦਾ। ਏਥੇ ਵਸਦੇ ਭਾਰਤੀਆਂ ਨੇ ਤਨ, ਮਨ ਧਨ ਵਾਰਕੇ ਦੇਸ਼ ਦੀ ਆਜ਼ਾਦੀ ਦੀ ਲਹਿਰ ਨੂੰ ਤਕੜਾ ਕੀਤਾ। ਉਨ੍ਹਾਂ ਅੰਗਰੇਜ਼ ਸਾਮਰਾਜੀਆਂ ਦੀਆਂ ਫੁੱਟ ਪਾਉਣ ਦੀਆਂ ਗੱਲਾਂ ਨੂੰ ਬੇ-ਨਕਾਬ ਕਰਕੇ ਆਜ਼ਾਦੀ ਦੇ ਸੰਗਰਾਮ ਲਈ ਯੋਗਦਾਨ ਦਿੱਤਾ।

ਅੱਜ ਕੈਨੇਡਾ ਆ ਕੇ, ਮੈਨੂੰ ਇਹ ਦੇਖ ਕੇ ਦੁੱਖ ਹੋਇਆ ਹੈ ਕਿ ਕੈਨੇਡਾ ਵਸਦੇ ਭਾਰਤੀਆਂ ਦੇ ਵਿਰਸੇ ਨੂੰ ਛੱਡਕੇ, ਕੁਝ ਲੋਕ ਵੱਖਵਾਦ ਤੇ ਫਿਰਕੂ ਖਿਚੋਤਾਣ ਵਧਾਉਣ ਵਿਚ ਲੱਗੇ ਹੋਏ ਹਨ। ਉਹ ਪੰਜਾਬ ਦੀ ਅੱਜ ਦੀ ਸਥਿਤੀ ਨੂੰ ਵਰਤ ਕੇ ਲੋਕਾਂ ਵਿਚ ਇਕ ਪਾਸੜ ਖਬਰਾਂ ਫੈਲਾ ਕੇ ਫਿਰਕੂ ਜ਼ਹਿਰ ਪੈਦਾ ਕਰਨ ਦਾ ਯਤਨ ਕਰ ਰਹੇ ਹਨ। ਉਹ ਆਪਣੀਆਂ ਸਰਗਰਮੀਆਂ ਲਈ ਧਾਰਮਿਕ ਅਸਥਾਨਾਂ ਨੂੰ ਵਰਤਨ ਤੋਂ ਵੀ ਸੰਕੋਚ ਨਹੀਂ ਕਰਦੇ।

ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਇੰਦਰਾ ਸਰਕਾਰ ਨੇ ਪੰਜਾਬੀਆਂ ਦੀਆਂ ਜਾਇਜ਼ ਮੰਗਾਂ ਮੰਨਣ ਤੋਂ ਇਨਕਾਰ ਕਰਕੇ, ਪੰਜਾਬ ਦੇ ਮਸਲੇ ਦੇ ਹੱਲ ਗ਼ ਲਮਕਾ ਕੇ ਹਾਲਾਤ ਵਿਗੜਨ ਵਿਚ ਬਹੁਤ ਹਿੱਸਾ ਪਾਇਆ ਹੈ। ਵਿਰੋਧੀ ਦਲਾਂ ਦੇ ਸਹਿਯੋਗ ਤੇ ਦਖਲ ਤੋਂ ਵੀ ਇਨਕਾਰ ਕੀਤਾ ਹੈ। ਪਰ ਸਿੱਖ ਅਤਿਵਾਦੀਆਂ ਦੀਆਂ ਸਰਗਰਮੀਆਂ ਨੇ ਘੱਟ ਗਿਣਤੀ ਦੇ ਬੇ-ਗੁਨਾਹਾਂ ਨੂੰ ਆਪਣਾ ਨਿਸ਼ਾਨਾ ਬਣਾ ਕੇ ਲੋਕਾਂ ਦੇ ਸਰਕਾਰ ਵਿਰੋਧੀ ਗੁੱਸੇ ਨੂੰ ਫਿਰਕੂ ਰਾਹ ਤੇ ਪਾ ਦਿੱਤਾ ਹੈ। ਹਿੰਦੂ ਫਿਰਕਾਪ੍ਰਸਤਾਂ ਦੀਆਂ ਬਦਲੇ ਦੀਆਂ ਸਰਗਰਮੀਆਂ ਨੇ ਬਲਦੀ ਤੇ ਤੇਲ ਦਾ ਕੰਮ ਕੀਤਾ ਹੈ। ਇਸ ਦਾ ਭੈੜਾ ਅਤੇ ਹਾਨੀਕਾਰਕ ਅਸਰ ਪੰਜਾਬ ਤੋਂ ਬਾਹਰ ਬੈਠੇ ਸਿੱਖਾਂ ਉਤੇ ਪੈ ਰਿਹਾ ਹੈ। ਜੇਕਰ ਹਾਲਾਤ ਨੂੰ ਏਸੇ ਤਰ੍ਹਾਂ ਵਿਗੜ ਲੈਣ ਦਿਤਾ ਗਿਆ ਤਾਂ ਇਹ ਭਾਰਤ ਦੀ ਏਕਤਾ ਲਈ ਖਤਰਾ ਬਣ ਸਕਦੇ ਹਨ। ਇਹ ਐਵੇਂ ਹੀ ਨਹੀਂ ਕਿ ਕੈਨੇਡਾ, ਅਮਰੀਕਾ ਤੇ ਦੂਸਰੇ ਪੱਛਮੀ ਦੇਸ਼ਾਂ ਦਾ ਪਰੈਸ ਅਤਿਵਾਦੀਆਂ ਦੀਆਂ ਸਰਗਰਮੀਆਂ ਨੂੰ ਉਛਾਲ ਰਿਹਾ ਹੈ।

ਮੈਂ ਗਦਰੀ ਸੂਰਬੀਰਾਂ, ਬਬਰ ਅਕਾਲੀਆਂ, ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਅਤੇ ਆਜ਼ਾਦੀ ਦੇ ਲਹਿਰ ਦੇ ਦੂਸਰੇ ਅਣਗਿਣਤ ਸ਼ਹੀਦਾਂ ਤੇ ਘੁਲਾਟੀਆਂ ਦੇ ਨਾਮ ਤੇ, ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੇ ਨਾਮ ਤੇ ਜਿਨ੍ਹਾਂ ਬਜ ਬਜ ਦੇ ਘਾਟ ਤੇ ਅੰਗਰੇਜ਼ ਦੀਆਂ ਗੋਲੀਆਂ ਦਾ ਹੱਸ ਕੇ ਸਾਹਮਣਾ ਕੀਤਾ ਸੀ। ਮਜ਼ਦੂਰ-ਕਿਸਾਨ ਲਹਿਰਾਂ ਦੇ ਅਨੇਕਾਂ ਸ਼ਹੀਦਾਂ ਦੇ ਨਾਮ ਤੇ ਆਪ ਨੂੰ ਅਪੀਲ ਕਰਦਾ ਹਾਂ ਕਿ ਭਾਰਤੀਆਂ, ਜਿਨ੍ਹਾਂ ਵਿਚ ਬਹੁਤੀ ਗਿਣਤੀ ਮਜ਼ਦੂਰਾਂ ਦੀ ਹੈ — ਦੀ ਏਕਤਾ ਦੀ ਅੱਖ ਦੀ ਪੁਤਲੀ ਦੀ ਤਰ੍ਹਾਂ ਰਾਖੀ ਕਰੋ। ਸਿੱਖ ਅਤਿਵਾਦੀਆਂ ਦੀਆਂ ਸਰਗਰਮੀਆਂ ਨੂੰ ਨੰਗਾ ਕਰਕੇ ਸਾਮਰਾਜ ਦੀਆਂ ਚਾਲਾਂ ਨੂੰ ਨਾਕਾਮ ਕਰੋ। ਅਤੇ ਏਥੇ ਬੈਠੇ, ਭਾਰਤੀ ਸਰਕਾਰ ਉਤੇ ਦਬਾਓ ਪਾਓ ਕਿ ਉਹ ਮਸਲੇ ਨੂੰ ਲਮਕਾ ਕੇ ਪੰਜਾਬੀ ਤੇ ਭਾਰਤੀ ਲੋਕਾਂ ਦੀ ਏਕਤਾ ਨਾਲ ਨਾ ਖੇਲਣ, ਸਗੋਂ ਵਿਰੋਧੀ ਦਲਾਂ ਦਾ ਸਹਿਯੋਗ ਹਾਸਲ ਕਰੇ। ਪੰਜਾਬ ਦੇ ਫੈਸਲੇ ਦਾ ਹੱਲ ਕਰੇ। ਮੈਂ ਤੇ ਮੇਰੀ ਪਾਰਟੀ ਨੇ ਲਗਾਤਾਰ ਕਿਹਾ ਹੈ ਕਿ ਕੇਵਲ ਰਾਜ ਪ੍ਰਬੰਧਕ ਕਦਮਾਂ ਨਾਲ ਪੰਜਾਬ ਦੇ ਹਾਲਾਤ ਤੇ ਕਾਬੂ ਨਹੀਂ ਪਾਇਆ ਜਾ ਸਕਦਾ। ਇਸ ਤੇ ਕਾਬੂ ਪਾਉਣ ਲਈ ਰਾਜਸੀ ਹੱਲ ਜ਼ਰੂਰੀ ਹੈ।

ਕੈਨੇਡਾ ਦੇ ਅੱਡ ਅੱਡ ਸ਼ਹਿਰਾਂ ਵਿਚ ਜੋ ਸਹਿਯੋਗ ਮੈਨੂੰ ਤੇ ਮੇਰੀ ਪਾਰਟੀ ਨੂੰ ਮਿਲਿਆ ਹੈ ਉਸ ਤੋਂ ਮੇਰਾ ਯਕੀਨ ਬੱਝਦਾ ਹੈ ਕਿ ਕੈਨੇਡਾ ਵਿਚ ਵਸਦੇ ਭਾਰਤੀਆਂ ਵਿਚ ਉਹ ਭਾਵਨਾ ਕਮਜ਼ੋਰ ਨਹੀਂ, ਜੋ ਏਥੋਂ ਦੀ ਇਨਕਲਾਬੀ ਵਿਰਸੇ ਦੀ ਪ੍ਰਤੀਕ ਹੈ ਤੇ ਜੋ ਭਾਰਤ ਦੀ ਏਕਤਾ ਤੇ ਅਖੰਡਤਾ ਚਾਹੁੰਦੀ ਹੈ ਅਤੇ ਉਥੇ ਲੁੱਟ-ਚੋਂਘ ਦੇ ਪ੍ਰਬੰਧ ਦੀ ਥਾਂ ਨਵੇਂ ਸਮਾਜ ਦੀ ਉਸਾਰੀ ਚਾਹੁੰਦੀ ਹੈ।

ਮੈਂ ਏਥੋਂ ਆਪਣੀ ਪਾਰਟੀ ਵਾਸਤੇ ਨਿੱਘੀਆਂ ਭਾਵਨਾਵਾਂ ਲੈ ਕੇ ਜਾ ਰਿਹਾ ਹਾਂ।

ਆਪ ਦਾ ਹਿਤੂ
ਹਰਕਿਸ਼ਨ ਸਿੰਘ ਸੁਰਜੀਤ

## ਆਈਨਸਟਾਈਨ :

ਆਈਨਸਟਾਈਨ ਨੂੰ ਇਕ ਨੌਜਵਾਨ ਜੋੜਾ ਮਿਲਣ ਲਈ ਆਇਆ। ਪਤਨੀ ਦੀ ਗੋਦ ਵਿਚ ਡੇਢ ਸਾਲ ਦਾ ਬੱਚਾ ਸੀ।

ਅਜੇ ਉਹ ਕੋਈ ਗੱਲ ਸ਼ੁਰੂ ਕਰ ਹੀ ਰਹੇ ਸਨ ਕਿ ਬੱਚਾ ਆਈਨਸਟਾਈਨ ਨੂੰ ਵੇਖ ਕੇ ਮਾਂ ਦੀ ਗੋਦ ਵਿਚ ਰੋਣ ਲਗ ਪਿਆ। ਇਸ ਪਿਛੋਂ ਮਾਤਾ ਪਿਤਾ ਨੂੰ ਬੜੀ ਬੇਚੈਨੀ ਹੋਈ ਅਤੇ ਉਹ ਘਬਰਾਏ ਹੋਏ ਬੱਚੇ ਨੂੰ ਚੁੱਪ ਕਰਾਉਣ ਲੱਗੇ ਪਏ। ਪਰ ਆਈਨਸਟਾਈਨ ਉਨ੍ਹਾਂ ਦੀ ਬੇਚੈਨੀ ਨੂੰ ਦੇਖ ਕੇ ਮੁਸਕਰਾ ਕੇ ਬੋਲੇ, "ਤੁਹਾਡਾ ਬੱਚਾ ਪਹਿਲਾ ਸ਼ਖਸ ਹੈ ਜਿਸ ਨੇ ਮੇਰੇ ਸਾਹਮਣੇ ਆਪਣੇ ਮਨ ਦੀ ਗੱਲ ਛੁਪਾਈ ਨਹੀਂ ਅਤੇ ਸਾਫ ਸਾਫ ਦਸ ਦਿਤਾ ਹੈ ਕਿ ਉਹ ਮੇਰੇ ਬਾਰੇ ਕੀ ਸੋਚਦਾ ਹੈ।"

*

ਆਈਨਸਟਾਈਨ ਦੀਆਂ ਜੋੜ ਸਬੰਧੀ ਭੁੱਲਾਂ ਤੋਂ ਤੰਗ ਆ ਕੇ ਬੈਂਕ ਨੇ ਸ੍ਰੀਮਤੀ ਆਈਨ-ਸਟਾਈਨ ਨੂੰ ਅਰਜ਼ ਕੀਤੀ, "ਤੁਹਾਡੇ ਪਤੀ ਵਿਗਿਆਨ ਅਤੇ ਉਚ ਗਣਿਤ ਦੀ ਦੁਨੀਆਂ ਵਿਚ ਇਕ ਉਚਾ ਸਥਾਨ ਰਖਦੇ ਹਨ ਪਰ ਮਿਹਰਬਾਨੀ ਕਰ ਕੇ ਬੈਂਕ ਸਬੰਧੀ ਕਾਗਜ਼ਾਂ ਦੀ ਦੇਖਭਾਲ ਤੁਸੀਂ ਆਪਣੇ ਹੱਥ ਰੱਖੋ ਤਾਂ ਅਸੀਂ ਬੜੇ ਸ਼ੁਕਰਗੁਜ਼ਾਰ ਹੋਵਾਂਗੇ ਕਿਉਂਕਿ ਇਕ ਵਾਰੀ ਹਿਸਾਬ ਬਣ ਜਾਣ 'ਤੇ ਫਿਰ ਕਾਂਟ ਛਾਂਟ ਕਰਨ ਕਰ ਕੇ ਬੈਂਕ ਨੂੰ ਬੜੀ ਪ੍ਰੇਸ਼ਾਨੀ ਪੇਸ਼ ਆਉਂਦੀ ਹੈ।"

*

ਆਈਨਸਟਾਈਨ ਨੂੰ ਦੁਨੀਆਂਦਾਰੀ ਦੀਆਂ ਗੱਲਾਂ ਦੀ ਘੱਟ ਵੱਧ ਹੀ ਚਿੰਤਾ ਹੁੰਦੀ ਸੀ। ਇਕ ਵਾਰੀ ਉਨ੍ਹਾਂ ਦੀ ਨੂੰਹ ਨੇ ਖਤ ਵਿਚ ਲਿਖਿਆ ਕਿ ਫਲਾਣੇ ਦਿਨ ਉਨ੍ਹਾਂ ਦੇ ਬੇਟੇ ਹੰਸ ਅਲ-ਬਰਟ ਦਾ ਜਨਮ ਦਿਨ ਹੈ।

ਤਦੇ ਆਪਣੇ ਬੇਟੇ ਨੂੰ ਮੁਬਾਰਕਬਾਦ ਦਾ ਖਤ ਲਿਖਦੇ ਹੋਏ ਉਨ੍ਹਾਂ ਲਿਖਿਆ, "ਬੇਟੇ ਹੰਸ, ਤੇਰੀ ਪਤਨੀ ਦੇ ਖਤ ਤੋਂ ਪਤਾ ਲੱਗਾ ਹੈ ਕਿ ਇਸ ਤਾਰੀਖ ਤੇਰੀ ਸਾਲਗਿਰ੍ਹਾ ਹੈ। ਮੈਂ ਤੈਨੂੰ ਮੁਬਾਰਕਬਾਦ ਭੇਜਦਾ ਹਾਂ।"

ਪੇਸ਼ਕਸ਼ : ਕੁਲਦੀਪ ਬੱਗਾ

## ਮਨਚੰਦਾ ਤੇ ਤਿਵਾੜੀ ਦਾ ਇਕੋ ਜਿਹੇ ਹਥਿਆਰਾਂ ਨਾਲ ਕਤਲ

ਨਵੀਂ ਦਿਲੀ, —
ਨਵੀਂ ਦਿਲੀ ਵਿਚ ਸਿਖ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਐਚ. ਐਸ. ਮਨਚੰਦਾ ਅਤੇ ਚੰਡੀਗੜ੍ਹ ਵਿਖੇ ਸ੍ਰੀ ਵੀ. ਐਨ. ਤਿਵਾੜੀ ਐਮ. ਪੀ. ਦਾ ਕਤਲ ਮਿਲਦੇ ਜੁਲਦੇ ਹਥਿਆਰਾਂ ਨਾਲ ਕੀਤਾ ਗਿਆ. ਦੋਹਾਂ ਨੂੰ ਕਤਲ ਕਰਨ ਵਿਚ 762 ਐਮ. ਐਮ. ਬੋਰ ਦੀ ਮਾਊਜ਼ਰ ਦੀ ਵਰਤੋਂ ਕੀਤੀ ਗਈ.

ਸੀ. ਐਫ. ਐਸ. ਐਲ. ਦੇ ਮਾਹਿਰਾਂ ਅਨੁਸਾਰ ਅਜੇ ਇਹਕਹਿਣਾ ਸੰਭਵ ਨਹੀਂ ਕਿ ਦੋਹਾਂ ਵਿਅਕਤੀਆਂ ਦਾ ਕਤਲ ਇਕੋ ਹੀ ਹਥਿਆਰ ਨਾਲ ਕੀਤਾ ਗਿਆ


## ਸੇਫ ਡਰਾਈਵਿੰਗ ਗਾਈਡ

ਹੁਣ ਡਰਾਈਵਿੰਗ ਸਿਖਣੀ ਤੁਹਾਡੇ ਲਈ ਹੋਰ ਵੀ ਆਸਾਨ ਹੋ ਗਈ ਹੈ।

ਬਾਬੂ ਬਾਂਸਲ ਨੇ ਅੰਗਰੇਜ਼ੀ ਤੇ ਪੰਜਾਬੀ ਦੋਵਾਂ ਬੋਲੀਆਂ ਵਿਚ ਕਿਤਾਬ ਛਾਪੀ ਹੈ ਜਿਸਦਾ ਹਰ ਘਰ ਵਿਚ ਹੋਣਾ ਜ਼ਰੂਰੀ ਹੈ। ਅੱਜ ਹੀ ਇਨ੍ਹਾਂ ਸਟੋਰਾਂ ਤੋਂ ਖਰੀਦੋ।

Available At:
**Advance Driving School**
4677 Main St., Vancouver
Ph. 872-7375

**Main Food Centre**
6681 Main S. Vancouver
Ph. 324-4185

**Goyal Video King**
4156 Fraser ST., Vancouver
Ph. 873-8308

**Mann Music & Video**
6512 Main St., Vancouver
Ph. 321-6667

**Paul's Plumbing**
4774 Main St., Vancouver
Ph. 872-3118



## Real Plumbing & Electrical Supply

7211 Main St.(at 56th Ave.)
VANCOUVER, B.C. V5X 3J3




- ਸੇਲਜ਼ ਐਂਡ ਸਰਵਿਸ
- ਪਲਬਿੰਗ
- ਹੀਟਿੰਗ
- ਬਿਜਲੀ ਵਾਲੇ ਗਰਮ ਪਾਣੀ ਵਾਲੇ ਟੈਂਕ
- ਸਰਮਿਕ ਟਾਈਲਜ ਇਨਸਟਾਲੇਸ਼ਨ



Or Do-It- Yourself

- ਅਸੀਂ ਫਰਿਜ਼ ਤੇ ਸਟੋਵ ਵੀ ਮੁਰੰਮਤ ਕਰਦੇ ਹਾਂ

**Satwinder Reehal** ਸਤਵਿੰਦਰ ਰੀਹਲ

**Ph. 324 - 7066**



JIM PATTISON
Pontiac Buick GMC TRUCKS



## JIM PATTISON ON MAIN

SERVICE AFTER SALE

GM

1984 ਦੀਆਂ ਨਵੀਆਂ ਕੈਡਲਿਕ ਖਰੀਦੋ

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜ਼ਿਮੀ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫੋਨ ਕਰੋ

PARLAD GILL



BUS. 879-4233 3434 MAIN ST. VANCOUVER, B.C. RES. 435-1834

# ਵੈਨਕੂਵਰ ਸੱਥ ਦਾ ਜਵਾਬ

ਇੰਡੋ-ਕਨੇਡੀਅਨ ਅਖਬਾਰ ਦੇ ਪਿਛਲੇ ਕੁਝ ਅੰਕਾਂ ਵਿਚ ਕੁਝ ਇਕ ਖਤ ਛਪੇ ਹਨ ਜਿਹਨਾਂ ਵਿਚ ਵੈਨਕੂਵਰ ਸੱਥ ਵਲੋਂ ਕੀਤੇ ਗਏ ਡਰਾਮਿਆਂ ਬਾਰੇ ਕੁਝ ਵਿਚਾਰ ਪੇਸ਼ ਕੀਤੇ ਗਏ ਹਨ। ਜਿਸ ਗੈਰ-ਗੰਭੀਰ ਤੇ ਗੈਰ-ਜ਼ਿਮੇਵਾਰੀ ਨਾਲ ਇਹਨਾਂ ਸੱਜਣਾਂ ਨੇ ਗੱਲਬਾਤ ਕੀਤੀ ਉਸ ਨੂੰ ਪੜ੍ਹ ਕੇ ਸਾਡੀ ਪਹਿਲੀ ਪ੍ਰਤੀਕਿਰਿਆ ਤਾਂ ਇਹੀ ਸੀ ਕਿ ਇਸ ਬਾਰੇ ਕੁਝ ਨਾ ਕਿਹਾ ਜਾਵੇ ਕਿਉਂਕਿ ਜਿਸ ਪੱਧਰ ਦਾ ਵਿਚਾਰ ਵਿਟਾਂਦਰਾ ਇਹ ਸੱਜਣ ਕਰਨਾ ਚਾਹੁੰਦੇ ਹਨ ਉਹ ਤਾਂ ਇਹਨਾਂ ਦੇ ਖਤਾਂ ਤੋਂ ਹੀ ਸਾਫ ਜਾਹਰ ਹੈ ਤੇ ਅਸੀਂ ਇਸ ਕਿਸਮ ਦੀ ਤਿੜਕਮ ਬਾਜੀ ਵਿਚ ਪੈਣ ਨੂੰ ਫਜ਼ੂਲ ਸਮਝਦੇ ਹਾਂ। ਪਰ ਜਿਵੇਂ ਕਿ ਅਕਸਰ ਹੁੰਦਾ ਹੈ ਸਾਡੀ ਚੁੱਪ ਦੇ ਕਈ ਮਤਲਬ ਕੱਢੇ ਜਾਣੇ ਸਨ ਇਸ ਕਰਕੇ ਅਸੀਂ ਇਹਨਾਂ ਬਾਰੇ ਦੋ ਸ਼ਬਦ ਕਹਿਣ ਲਈ ਮਜਬੂਰ ਹੋਏ ਹਾਂ।

ਖਤ ਲਿਖਣ ਵਾਲਿਆਂ ਦੀ ਸੰਜੀਦਗੀ ਦੀ ਪਹਿਲੀ ਉਦਾਹਰਣ ਦੇਖੋ; ਪਹਿਲੇ ਖਤ ਦੇ ਲੇਖਕ(ਇੰਡੋ-ਕਨੇਡੀਅਨ, ਅਪਰੈਲ 27, ਸਫਾ 11) ਨੇ ਆਪਣਾ ਖਤ ਇੰਡੋ-ਕਨੇਡੀਅਨ ਵਿਚ ਛਪੀ ਕਿਸੇ ਖਬਰ (ਖਬਰ ?) ਬਾਰੇ ਟਿੱਪਣੀ ਕਰਦਿਆਂ ਕੀਤਾ ਹੈ। ਉਹ ਕਹਿੰਦਾ ਹੈ ਕਿ ਉਹਨੂੰ ਪੇਪਰ ਵਿਚ ਚਰਖਿਆਂ ਤੇ ਬੱਕਰੀਆਂ ਬਾਰੇ ਪੜ੍ਹ ਕੇ ਬਹੁਤ ਖੁਸ਼ੀ ਹੋਈ ਹੈ। ਤੇ ਇਸ ਖਬਰ ਵਿਚ ਉਹ ਆਪਣੀ ਵਲੋਂ ਵਾਧਾ ਕਰਦਾ ਹੈ ਤੇ ਕਹਿੰਦਾ ਹੈ ਕਿ ਬਕਰੀਆਂ ਵਿਚ ਇਕ ਬੋ-ਬਕਰਾ ਵੀ ਸੀ ਜਿਸਨੇ "ਬਕਰੀਆਂ ਦੀ ਦੇਖ ਭਾਲ ਕਰ ਕਰਨੀ ਸੀ ਤੇ ਨਾਲ ਹੀ ਦੁੱਧ ਵੀ ਕਾਫੀ ਮਾਤਰਾ ਵਿਚ ਦੇਣਾ ਸੀ।" ਪਾਠਕ ਨੋਟ ਕਰਨ ਕਿ ਉਹ ਇਹ ਗੱਲਾਂ ਆਪਣੇ ਘਰ ਬੈਠਾ ਅੱਗ ਸੇਕਦਾ ਨਹੀਂ ਕਰ ਰਿਹਾ ਸਗੋਂ ਇਕ ਆਪਣੇ ਆਪ ਨੂੰ ਕਹਿੰਦੇ ਕਹਾਉਂਦੇ "ਅੰਤਰ-ਰਾਸ਼ਟਰੀ ਪੱਧਰ" ਦੇ ਅਖਬਾਰ ਦੇ ਪੰਨਿਆਂ ਤੇ ਕਰ ਰਿਹਾ ਹੈ। ਜੇ ਇਹੋ ਗੱਲ ਕਿਸੇ = ਲੇਖਕ ਨੇ ਕਿਸੇ ਕਹਾਣੀ ਜਾਂ ਨਾਟਕ ਵਿਚ ਲਿਖੀ ਹੁੰਦੀ ਤਾਂ ਇਹਨਾਂ ਸ੍ਰੀਮਾਨ ਜੀ ਨੇ ਅਸ਼ਲੀਲਤਾ ਅਸ਼ਲੀਲਤਾ ਕੂਕਣਾ ਸੀ। ਤੇ ਇਹ ਸੱਜਣ ਆਪਣੇ ਆਪ ਨੂੰ "ਪੰਥ ਦਰਦੀ" ਲਿਖਦਾ ਹੈ। ਸਿਆਣੇ ਪਾਠਕ ਤੇ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਦੇ ਚਲਾਏ ਧਰਮ ਵਿਚ ਵਿਸ਼ਵਾਸ਼ ਰੱਖਣ ਵਾਲੇ ਲੋਕ ਇਸ ਗੱਲ ਤੋਂ ਭਲੀ ਭਾਂਤ ਅੰਦਾਜ਼ਾ ਲਾ ਸਕਦੇ ਹਨ ਕਿ ਇਹੋ ਜਿਹੇ ਗੰਭੀਰ ਸਮੇਂ ਇਹੋ ਜਿਹੀਆਂ ਬੇਹੂਦਾ ਗੱਲਾਂ ਕਰਨ ਵਾਲੇ ਕੀ ਸੱਚ ਮੁਚ 'ਪੰਥ-ਦਰਦੀ' ਹੋ ਸਕਦੇ ਹਨ ? ਤੇ ਜੇ ਇਹ ਸੱਚਮੁਚ ਹੀ ਪੰਥ ਦਰਦੀ ਹਨ ਤਾਂ ਪੰਥ ਨੂੰ ਦੁਸ਼ਮਣਾਂ ਦੀ ਕੀ ਲੋੜ ਹੈ ?

ਅੱਗੇ ਜਾ ਕੇ ਇਹ ਸੱਜਣ 'ਪ੍ਰੀਤਲੜੀ' ਦੇ ਸੰਪਾਦਕ ਸੁਮੀਤ ਸਿੰਘ ਨੂੰ ਇਕ ਕੀੜਾ ਦੱਸਦੇ ਹਨ ਤੇ ਲਿਖਦੇ ਹਨ: "ਇਸ ਤਰ੍ਹਾਂ ਦੇ ਕੀੜੇ ਬਹੁਤ ਮਰਦੇ ਹਨ ਕੌਮ ਨੂੰ ਕੋਈ ਘਾਟਾ ਨਹੀਂ ਪਿਆ।" ਅਸੀਂ ਸਮਝਦੇ ਹਾਂ ਕਿ ਸੁਮੀਤ ਸਿੰਘ ਤੇ ਉਹਦੇ ਪਰਵਾਰ ਦੀ ਪੰਜਾਬੀ ਜਬਾਨ ਨੂੰ ਮਹਾਨ ਦੇਣ ਹੈ ਤੇ ਉਹਦਾ ਕਤਲ ਕੀਤੇ ਜਾਣਾ ਇਕ ਬਹੁਤ ਹੀ ਘਟੀਆ ਤੇ ਗਲਤ ਗੱਲ ਸੀ। ਅਸੀਂ ਰੋਸ ਵਜੋਂ ਸੱਥ ਵਲੋਂ ਸਾਢੇ ਤਿੰਨ ਸੌ ਦਰਸ਼ਕਾਂ ਦੀ ਹਾਜਰੀ ਵਿਚ ਮਤਾ ਪਾਸ ਕੀਤਾ ਸੀ ਤੇ ਅਸੀਂ ਹੁਣ ਵੀ ਉਸ ਮਤੇ ਦੇ ਅੱਖਰ ਅੱਖਰ ਪਿਛੇ ਖੜ੍ਹੇ ਹਾਂ। ਅਸੀਂ ਸਮਝਦੇ ਹਾਂ ਕਿ ਸੁਮੀਤ ਸਿੰਘ ਨੂੰ ਕੀੜਾ ਕਹਿ ਕੇ ਇਸ ਸਖਸ਼ ਨੇ ਸਾਰੇ ਪੰਜਾਬੀਆਂ ਦੀ ਤੌਹੀਨ ਕੀਤੀ ਹੈ। ਇਕ ਸੁਲਝਿਆ ਹੋਇਆ ਧਾਰਮਿਕ ਬੰਦਾ ਇਹੋ ਜਿਹੀ ਹਰਕਤ ਨਹੀਂ ਕਰ ਸਕਦਾ।

ਅਸੀਂ ਸੱਥ ਦੇ ਡਰਾਮਿਆਂ ਰਾਹੀਂ ਲੋਕਾਂ ਨੂੰ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਅਸਲੀ ਲੜਾਈ ਹਿੰਦੂਆਂ ਤੇ ਸਿੱਖਾਂ ਵਿਚਕਾਰ ਨਹੀਂ ਭਾਰਤ ਦੀ ਸਰਕਾਰ ਦੇ ਖਿਲਾਫ ਹੈ। ਭਾਰਤ ਦੇ ਹਰ ਹਿੱਸੇ ਵਿਚ ਲੋਕ ਆਪਣੇ ਹੱਕਾਂ ਲਈ ਲੜ ਰਹੇ ਹਨ ਪੰਜਾਬ ਦੇ ਲੋਕ ਵੀ ਆਪਣੇ ਹੱਕਾਂ ਲਈ ਲੜਦੇ ਹਨ। ਇਸ ਲੜਾਈ ਨੂੰ ਸਰਕਾਰ ਇਕੋ ਤਰੀਕੇ ਨਾਲ ਜਿੱਤ ਸਕਦੀ ਹੈ ਜਿਵੇਂ ਅੰਗਰੇਜ਼ ਰਾਜ ਕਰਦੇ ਸਨ — ਲੋਕਾਂ ਨੂੰ ਧਰਮ ਤੇ ਇਲਾਕਿਆਂ ਦੇ ਨਾਂ ਤੇ ਆਪਸ ਵਿਚ ਲੜਾ ਕੇ। ਜੋ ਕੁਝ ਪੰਜਾਬ ਵਿਚ ਅੱਜ ਹੋ ਰਿਹਾ ਹੈ ਇਸ ਨਾਲ ਅੰਤ ਫਾਇਦਾ ਇੰਦਰਾ ਗਾਂਧੀ ਤੇ ਉਹਦੇ ਹਮਾਇਤੀਆਂ ਨੂੰ ਹੋਣਾ ਹੈ। ਅਸੀਂ ਲੋਕਾਂ ਦੇ ਹੱਕਾਂ ਲਈ ਚਲਦੇ ਕਿਸੇ ਵੀ ਘੋਲ ਦੇ ਖਿਲਾਫ ਨਹੀਂ - ਅਸੀਂ ਹੋ ਹੀ ਨਹੀਂ ਸਕਦੇ, ਕਿਉਂਕਿ ਇਹੋ ਤਾਂ ਅਸੀਂ ਡਰਾਮਿਆਂ ਰਾਹੀਂ ਕਹਿਣਾ ਚਾਹੁੰਦੇ ਹਾਂ ਕਿ ਉਠੋ ਤੇ ਆਪਣੇ ਹੱਕਾਂ ਲਈ ਲੜੋ। ਹਾਂ ਜੇ ਕਿਸੇ ਚੀਜ਼ ਦੇ ਅਸੀਂ ਵਿਰੁਧ ਹਾਂ ਤਾਂ ਇਸ ਗੱਲ ਦੇ ਕਿ ਇਹ ਜਦੋ-ਜਹਿਦ ਇਕ ਧਾਰਮਿਕ ਲੜਾਈ ਹੋ ਨਿਬੜੇ। ਪਰ ਪਹਿਲੇ ਖਤ ਦੇ ਲੇਖਕ ਇਹ ਵਿਚਾਰ ਪੇਸ਼ ਕਰਦੇ ਹਨ ਕਿ ਲੜਾਈ ਸਾਰੇ ਹਿੰਦੂਆਂ ਦੇ ਖਿਲਾਫ ਹੈ। ਤੇ ਜਿਸ ਤਰਕ ਨਾਲ ਉਹ ਇਸ ਸਿੱਟੇ ਤੇ ਪਹੁੰਚਦੇ ਹਨ ਉਹ ਹੈ ਕਿ ਇੰਦਰਾ ਗਾਂਧੀ ਤੇ ਉਹ ਦੀ ਸਰਕਾਰ ਹਿੰਦੂਆਂ ਦੀ ਚੁਣੀ ਹੋਈ ਹੈ ਇਸ ਕਰਕੇ ਲੜਾਈ ਹਿੰਦੂਆਂ ਦੇ ਖਿਲਾਫ ਹੈ। ਅਸੀਂ ਇਸ ਸੱਜਣ ਨੂੰ ਅਪੀਲ ਕਰਦੇ ਹਾਂ ਕਿ ਇਸ ਬਾਰੇ ਫੇਰ ਧਿਆਨ ਨਾਲ ਸੋਚਣ। ਫਰਜ਼ ਕਰ ਲਓ ਬੀ. ਸੀ. ਦਾ ਪਰੀਮੀਅਰ ਬਿਲ ਬੈਨਟ ਕੱਲ ਨੂੰ ਇਥੇ ਘੱਟ ਗਿਣਤੀਆਂ ਦੇ ਖਿਲਾਫ ਕੋਈ ਕਾਨੂੰਨ ਬਣਾਉਂਦਾ ਹੈ (ਜਿਵੇਂ ਕਿ ਉਹ ਕਰ ਹੀ ਰਿਹਾ ਹੈ) ਤਾਂ ਕੀ ਅਸੀਂ ਘੱਟ ਗਿਣਤੀ ਦੇ ਤੌਰ ਤੇ ਉਹਦੇ ਤੇ ਉਹਦੀ ਸਰਕਾਰ ਵਿਰੁੱਧ ਜਦੋ ਜਹਿਦ ਕਰਾਂਗੇ ਜਾਂ ਸਾਰੇ ਗੋਰੇ ਈਸਾਈਆਂ ਵਿਰੁੱਧ ਹੀ ਖੰਡਾ ਚੁਕ ਲਵਾਂਗੇ ? ਨਹੀਂ। ਸਾਡਾ ਖਿਆਲ ਹੈ ਅਸੀਂ ਅਜਿਹਾ ਨਹੀਂ ਕਰਨ ਲੱਗੇ। ਸਗੋਂ ਹੋਰ ਘੱਟ ਗਿਣਤੀਆਂ ਤੇ ਮਜ਼ਦੂਰ ਜਮਾਤ ਨਾਲ ਮਿਲ ਕੇ ਅਜਿਹੇ ਕਾਨੂੰਨ ਬਨਾਉਣ ਵਾਲੀ ਸਰਕਾਰ ਵਿਰੁਧ ਘੋਲ ਕਰਾਂਗੇ।

ਇਸ ਪਹਿਲੇ ਖਤ ਦੇ ਲੇਖਕ ਨੇ ਕਈ ਹੋਰ ਨਿਕੀਆਂ ਨਿਕੀਆਂ ਫਜ਼ੂਲ ਗੱਲਾਂ ਕੀਤੀਆਂ ਹਨ ਜਿਹਨਾਂ ਦਾ ਵਿਸਥਾਰ ਵਿਚ ਜਵਾਬ ਦੇਣਾ ਐਵੇਂ ਪਾਠਕਾਂ ਦਾ ਸਮਾਂ ਬਰਬਾਦ ਕਰਨ ਵਾਲੀ ਗੱਲ ਹੋਵੇਗੀ। ਹਾਂ ਇਨਾ ਜਰੂਰ ਦੱਸ ਦਿੰਦੇ ਹਾਂ ਕਿ ਜੇ ਅਸੀਂ ਡਰਾਮੇ ਕਰਕੇ ਪੈਸੇ ਬਣਾਉਣੇ ਹੁੰਦੇ ਤਾਂ ਅਸੀਂ ਇਹੋ ਜਿਹੇ ਡਰਾਮੇ ਨਹੀਂ ਸੀ ਕਰਨੇ। ਅਸੀਂ ਕੋਈ ਇਹੋ ਜਿਹਾ ਡਰਾਮਾ ਕਰਨਾ ਸੀ ਜਿਹਦੇ ਵਿਚ "ਬੋ-ਬਕਰਾ ਵੱਡੀ ਮਾਤਰਾ ਵਿਚ ਦੁੱਧ ਦੇ ਰਿਹਾ ਹੁੰਦਾ" ਤੇ ਜਿਸ 'ਤੇ "ਬਹੁਤ ਹੀ ਖੁਸ਼" ਹੋ ਕੇ ਇਸ ਪਹਿਲੇ ਖਤ ਦੇ ਲੇਖਕ ਨੇ ਵੀ ਸਾਨੂੰ ਦੱਸ ਡਾਲਰ ਚੰਦਾ ਦੇ ਦੇਣਾ ਸੀ।

ਦੂਜਾ ਖਤ ਜੋ(ਇੰਡੋ-ਕਨੇਡੀਅਨ ਮਈ 4, ਸਫਾ 11) ਕਿਸੇ ਸੱਜਣ ਨੇ ਵਿਲੀਅਮਜ਼ ਲੇਕ ਤੋਂ ਲਿਖਿਆ ਹੈ ਉਸ ਵਿਚ ਬਹੁਤਾ ਕੁਝ ਸਰਾਸਰ ਗਲਤ ਮਲਤ ਹੈ। ਸਾਨੂੰ ਖਤ ਵਿਚਲੇ ਝੂਠ ਤੇ ਇਨਾ ਗੁੱਸਾ ਤੇ ਹੈਰਾਨੀ ਨਹੀਂ ਹੈ ਕਿਉਂਕਿ ਇਹੋ ਜਿਹੇ ਖਤ ਅਕਸਰ ਪੜ੍ਹਨ ਨੂੰ ਮਿਲਦੇ ਹਨ। ਸਾਨੂੰ ਜਿਸ ਗੱਲ ਦਾ ਗੁੱਸਾ ਹੈ ਉਹ ਹੈ ਕਿ ਇਸ ਸੱਜਣ ਨੇ ਖੱਤ ਪਿਛਲੇ ਆਪਣੇ ਨਾਂ ਦੇ ਨਾਲ "ਸਿੱਖ ਸੰਗਤ" ਵੀ ਲਿਖਿਆ ਹੋਇਆ ਹੈ। ਜੇ ਸਾਡੇ ਡਰਾਮੇ ਕਿਸੇ ਚੀਜ਼ ਵਿਰੁੱਧ ਆਵਾਜ਼ ਉਠਾਉਂਦੇ ਹਨ ਤਾਂ ਉਹ ਹੈ ਕਿ ਧਰਮ ਦੀ ਗਲਤ ਵਰਤੋਂ ਰੁਕਣੀ ਚਾਹੀਦੀ ਹੈ। ਇਸ ਖੱਤ ਪਿਛੇ 'ਸਿਖ ਸੰਗਤ' ਦਾ ਮਤਲਬ ਕਿ ਵਿਲੀਅਮਜ਼ ਲੇਕ ਵਿਚ ਰਹਿੰਦਾ ਬੱਚਾ ਬੱਚਾ ਇਸ ਸੱਜਣ ਦੀ ਗੱਲ ਨਾਲ ਸਹਿਮਤ ਹੈ ਤੇ ਸਾਰਿਆਂ ਦੀ ਸਲਾਹ ਨਾਲ ਉਹਨੇ ਇਹ ਖਤ ਲਿਖਿਆ ਹੈ। ਜਦ ਕਿ ਅਸਲੀਅਤ ਸ਼ਾਇਦ ਇਸ ਤਰ੍ਹਾਂ ਨਾ ਹੋਵੇ ਤੇ ਵਿਲੀਅਮਜ਼ ਲੇਕ ਵਿਚ 'ਦੋ ਫਰੰਟਾਂ' ਦੀ ਗੱਲ ਕਰਕੇ ਇਹ ਸੱਜਣ ਖੁਦ ਵੀ ਮੰਨਦਾ ਹੈ ਕਿ ਅਸਲੀਅਤ ਕੁਝ ਹੋਰ ਹੈ। ਪਰ ਫੇਰ ਵੀ ਉਹ ਆਪਣੇ ਨਾਂ ਨਾਲ ਲਿਖ ਰਿਹਾ ਹੈ 'ਸਿਖ ਸੰਗਤ।' ਧਰਮ ਦੀ ਗਲਤ ਵਰਤੋਂ ਦੀ ਉਹ ਸਾਫ ਉਦਾਹਰਣ ਹੈ ਤੇ ਪਾਠਕਾਂ ਨੂੰ ਇਸ ਬਾਰੇ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ।

ਇਸ ਸੱਜਣ ਨੇ ਲਿਖਿਆ ਹੈ ਕਿ ਡਰਾਮਾ ਕਰਨ ਵਾਲਿਆਂ ਦੀ ਵੈਨ ਘੇਰੀ ਗਈ ਤੇ ਉਹਨਾਂ ਅਗੋਂ ਮਿੰਨਤ ਕੀਤੀ ਤੇ ਕਿਹਾ, "ਸਾਡਾ ਤਾਂ ਕੋਈ ਕਸੂਰ ਨਹੀਂ ਸਾਨੂੰ ਤਾਂ ਚਰਨਪਾਲ ਗਿੱਲ ਹੋਰੀਂ ਲਿਆਏ ਹਨ।" ਇਸ ਝੂਠ ਬਾਰੇ ਅਸੀਂ ਸਿਰਫ ਦੋ ਗੱਲਾਂ ਹੀ ਕਹਿਣੀਆਂ ਹਨ — ਇਕ ਤਾਂ ਇਹ ਕਿ ਚਰਨਪਾਲ ਗਿੱਲ ਸਾਡੀ ਕਮਿਉਨਿਟੀ ਦਾ ਸੁਲਝਿਆ ਤੇ ਉਭਰ ਰਿਹਾ ਆਗੂ ਹੈ ਤੇ ਅਸੀਂ ਉਸ ਦੀ ਇਸ ਕਰਕੇ ਇਜ਼ਤ ਕਰਦੇ ਹਾਂ ਪਰ ਜਿਥੋਂ ਤੱਕ ਸੱਥ ਦੇ ਡਰਾਮਿਆਂ ਦਾ ਸਵਾਲ ਹੈ ਚਰਨਪਾਲ ਗਿੱਲ ਦਾ ਜਾਂ B.C.O.F.R. ਦਾ ਇਸ ਨਾਲ ਕੋਈ ਸਬੰਧ ਨਹੀਂ ਹੈ। ਵੈਨਕੂਵਰ ਸੱਥ ਇਕ ਵੱਖਰੀ ਸੰਸਥਾ ਹੈ। ਜਿਸ ਤਰ੍ਹਾਂ ਅਸੀਂ B.C.O.F.R. ਦੇ ਸੱਦੇ ਤੇ ਡਰਾਮੇ ਕਰਨ ਗਏ ਸੀ ਇਹੋ ਜਹੀ ਹੋਰ ਸੰਸਥਾ ਦੇ ਸੱਦੇ ਤੇ ਵੀ ਜਾ ਸਕਦੇ ਹਾਂ। ਦੂਜੀ ਗੱਲ ਮਿੰਨਤ ਕਰਨ ਬਾਰੇ। ਅਸੀਂ ਇਸ ਸੱਜਣ ਨੂੰ ਸਾਫ ਸਾਫ ਅਖਰਾਂ ਵਿਚ ਦੱਸ ਦੇਣਾ ਚਾਹੁੰਦੇ ਹਾਂ ਕਿ ਸੱਥ ਕੋਈ ਛੋਟੇ ਛੋਟੇ ਬੱਚਿਆਂ ਦੀ ਲੁਕਣ ਮੀਚੀ ਖੇਡਣ ਵਾਲੀ ਸੰਸਥਾ ਨਹੀਂ ਹੈ ਕਿ ਜੇ ਕਿਸੇ ਹੋਰ ਦੇ ਕੋਠੇ 'ਤੇ ਫੜੇ ਗਏ ਤਾਂ ਮਿੰਨਤ ਕਰ ਲਈ। ਅਸੀਂ ਸਮਝ ਸੋਚ ਕੇ ਡਰਾਮੇ ਚੁਣੇ ਤੇ ਕੀਤੇ ਹਨ ਤੇ ਉਹਨਾਂ ਵਿਚਲੇ ਵਿਚਾਰਾਂ ਨਾਲ ਡਟ ਕੇ ਖੜੇ ਹਾਂ। ਅਸੀਂ ਇਹਨਾਂ ਡਰਾਮਿਆਂ ਬਾਰੇ ਕਦੀ ਵੀ ਕਿਸੇ ਨਾਲ ਵੀ ਹਰ ਕਿਸਮ ਦਾ ਵਿਚਾਰ ਵਿਟਾਂਦਰਾ ਕਰਨੇ ਨੂੰ ਤਿਆਰ ਹਾਂ। ਨਾਲ ਹੀ ਅਸੀਂ ਇਹ ਵੀ ਦੱਸ ਦੇਈਏ ਪਈ ਇਹ ਡਰਾਮਾ ਇੰਗਲੈਂਡ ਵਿਚ ਵੀ ਖੇਡਿਆ ਗਿਆ ਹੈ ਤੇ ਪੰਜਾਬ ਵਿਚ ਤਾਂ ਇਹ ਅਨੇਕਾਂ ਬਾਰ ਅਨੇਕੀਂ ਥਾਈਂ ਖੇਡਿਆ ਜਾ ਚੁੱਕਾ ਹੈ।

ਇਸ ਖਤ ਦੇ ਲੇਖਕ ਨੇ ਅੱਗੇ ਲਿਖਿਆ ਹੈ ਕਿ "ਸੁਣਨ ਵਾਲਿਆਂ ਵਿਚੋਂ ਕਾਂਗਰਸ ਦੇ ਚਮਚੇ ਤਾੜੀਆਂ ਮਾਰ ਕੇ ਹੱਸ ਰਹੇ ਸਨ।" ਇਹ ਡਰਾਮੇ ਵੈਨਕੂਵਰ, ਕੁਨੇਲ ਤੇ ਵਿਲੀਅਮਜ਼ ਲੇਕ ਵਿਚ ਕੀਤੇ ਗਏ ਹਨ। ਵੈਨਕੂਵਰ ਵਿਚ ਸਾਢੇ ਤਿੰਨ ਸੌ ਦੇ ਕਰੀਬ ਸਰੋਤੇ ਸਨ, ਕੁਨੇਲ ਵਿਚ ਵੀ ਤਿੰਨ ਸੌ ਦੇ ਕਰੀਬ ਤੇ ਦੋ ਸੌ ਦੇ ਕਰੀਬ ਵਿਲੀਅਮਜ਼ ਲੇਕ ਵਿਚ। ਤਿੰਨੀ ਥਾਵੀਂ ਹੀ ਸਰੋਤਿਆਂ ਨੇ ਡਰਾਮਿਆਂ ਨੂੰ ਬੇਹੱਦ ਪਸੰਦ ਕੀਤਾ। ਕੀ ਉਹ ਸਾਰੇ ਕਾਂਗਰਸ ਦੇ ਚਮਚੇ ਸਨ ? ਇਹ ਸਖਸ਼ ਬੀ. ਸੀ. ਵਿਚ ਰਹਿੰਦੇ ਚੰਗੇ ਭਲੇ ਅੱਠ ਨੌ ਸੌ ਬੰਦੇ ਉਪਰ ਕਾਂਗਰਸ ਦੇ ਚਮਚੇ ਹੋਣ ਦਾ ਠੱਪਾ ਲਾ ਰਿਹਾ ਹੈ। ਕੀ ਉਹ ਇਹ ਗੱਲ ਸਾਬਤ ਕਰ ਸਕਦਾ ਹੈ ? ਵਿਲੀਅਮਜ਼ ਲੇਕ ਦੀਆਂ ਸਿੱਖ ਸੰਗਤਾਂ ਨੂੰ ਜਿਹਨਾਂ ਵਲੋਂ ਇਹ ਖਤ ਲਿਖਿਆ ਗਿਆ ਹੈ, ਚਾਹੀਦਾ ਹੈ ਕਿ ਇਸ ਸਖਸ਼ ਨੂੰ ਪੁੱਛਣ ਕਿ ਕੀ ਸਚਮੁਚ ਤਿੰਨਾਂ ਸ਼ਹਿਰਾਂ ਵਿਚ ਡਰਾਮੇ ਦੇਖਣ ਵਾਲੇ ਅੱਠ ਨੌ ਸੌ ਲੋਕ ਕਾਂਗਰਸ ਦੇ ਚਮਚੇ ਹਨ ? ਵਿਲੀਅਮਜ਼ ਲੇਕ ਵਿਚ ਇਕ ਦੋਂਹ ਸ਼ਰਾਬੀਆਂ ਦੇ ਪ੍ਰੋਗਰਾਮ ਵਿਚ ਰੌਲਾ ਪਾਉਣ ਤੋਂ ਬਾਅਦ ਸਰੋਤੇ ਮੰਗ ਕਰ ਰਹੇ ਸਨ ਕਿ ਜਾਂ ਪ੍ਰੋਗਰਾਮ ਨੂੰ ਚਾਲੂ ਰੱਖਿਆ ਜਾਵੇ ਜਾਂ ਉਹਨਾਂ ਦੇ ਪੈਸੇ ਵਾਪਿਸ ਕੀਤੇ ਜਾਣ।

ਡਰਾਮੇ ਵਿਚ ਬੇਰੁਜ਼ਗਾਰ ਲੋਕ ਸਰਕਾਰ ਤੋਂ ਰੁਜ਼ਗਾਰ ਦੀ ਮੰਗ ਕਰਦੇ ਹਨ ਕਿਸਾਨ ਆਪਣੇ ਹੱਕ ਮੰਗਦੇ ਹਨ, ਗਰੀਬ ਆਪਣੀ ਧੀ ਦੀ ਪੱਤ ਦੀ ਰਾਖੀ ਦੀ ਅਪੀਲ ਕਰਦਾ ਹੈ। ਇਹ ਸਖਸ਼ ਇਹਨਾਂ ਸਾਰੀਆਂ ਗੱਲਾਂ ਨੂੰ "ਕੋਝੀਆਂ ਗੱਲਾਂ" ਦੱਸਦਾ ਹੈ। ਕੀ ਆਪਣੇ ਹੱਕ ਮੰਗਣੇ ਕੋਝੀ ਗੱਲ ਹੈ ?

ਡਰਾਮੇ ਵਿਚ ਇਹ ਵੀ ਦਿਖਾਇਆ ਗਿਆ ਹੈ ਕਿ ਕਿਵੇਂ ਸਿਆਸੀ ਤੇ ਧਾਰਮਿਕ ਆਗੂ ਮਿਲ ਕੇ ਲੋਕਾਂ ਨੂੰ ਬੇਵਕੂਫ ਬਣਾਉਂਦੇ ਹਨ। ਕੀ ਇਹ ਗੱਲ ਝੂਠ ਹੈ ? ਦੁਨੀਆਂ ਦਾ ਹਰ ਸਖਸ਼ ਆਪੋ ਆਪਣੇ ਧਰਮ ਬਾਰੇ ਤੁਹਾਨੂੰ ਕਿੰਨੀਆਂ ਹੀ ਮਿਸਾਲਾਂ ਦੇ ਦੇਵੇਗਾ ਕਿ ਕਿਵੇਂ ਧਾਰਮਿਕ ਆਗੂ ਸਿਆਸੀ ਆਗੂਆਂ

(ਬਾਕੀ ਪੰਨਾ 5 ਤੇ)


# ਵਿਕਟੋਰੀਆ ਡਰਾਈਵ ਤੇ ਖੁਲ੍ਹ ਰਿਹਾ ਹੈ

## ਪੰਜਾਬੀਆਂ ਦਾ ਪੀਜ਼ਾ ਰੈਸਟੋਰੈਂਟ

# ਆਓ ਪੀਜ਼ੇ ਦਾ ਅਨੰਦ ਮਾਣੋ

OPENING SOON

ਸੁਪਰੀਮ



ਪੀਜ਼ਾ

**Supreme Special Pizza**
Pepperoni, Mushrooms, Canadian Back Bacon, Olives, Green Peppers, Onions, Shrimps
Sm. $6.75 Med. $9.50 Lg. $12.00

| | Sm. | Med. | Lg. |
|---|---|---|---|
| 1. Mushrooms, Shrimp | 5.50 | 8.25 | 10.50 |
| 2. Back Bacon, Mushrooms | 5.50 | 8.25 | 10.50 |
| 3. Canadian Back Bacon | 5.00 | 7.75 | 9.75 |
| 4. Cheese & Tomato Sauce | 4.75 | 7.00 | 9.00 |
| 5. Pepperoni, Mushrooms Green Peppers | 5.50 | 8.25 | 10.50 |
| 6. Smoked Oysters, Onions | 5.50 | 8.25 | 10.50 |
| 7. Mushrooms, Green Peppers | 5.00 | 7.75 | 9.75 |
| 8. Italian Salami & Pepperoni | 5.50 | 8.25 | 10.50 |
| 9. Pepperoni, Mushrooms | 5.50 | 8.25 | 10.50 |
| 10. Canadian Back Bacon & Pepperoni | 5.50 | 8.25 | 10.50 |
| 11. Mushrooms* | 5.00 | 7.75 | 9.75 |
| 12. Canadian Back Bacon & Pineapple | 5.50 | 8.25 | 10.50 |
| 13. Pepperoni, Mushrooms, Green Peppers (Anchovies) | 6.00 | 8.75 | 10.75 |
| 14. Pepperoni | 5.00 | 7.75 | 9.75 |

**Extra Supreme Special**
Bacon Salami, Pepperoni, Mushroom, Olives, Green Peppers, Cheese, Home made Tomato Sauce
Sm $6.95 Med. 10.50 Lg. $13.95
*FREE Small Pizza with Large Extra Supreme Special*

| | Sm. | Med. | Lg. |
|---|---|---|---|
| 15. Canadian Back Bacon, Pepperoni, Mushrooms | 6.00 | 8.75 | 10.75 |
| 16. Italian Salami | 5.00 | 7.75 | 9.75 |
| 17. Italian Salami, Mushrooms | 5.50 | 8.25 | 10.50 |
| 18. Lean Beef, Green Peppers, Onions | 5.50 | 8.25 | 10.50 |
| 19. Pepperoni Salami, Bck Bacon | 6.00 | 8.75 | 11.00 |
| 20. Lean Beef, Mushrooms | 5.00 | 7.75 | 9.75 |
| 21. Shrimps, Mushrooms, Green Peppers, Onions | 6.00 | 8.75 | 11.00 |
| 22. Hot Pepperoni | 5.00 | 7.75 | 9.75 |
| 23. Pepperoni, Salami, Mushrooms | 6.00 | 8.75 | 10.75 |
| 24. Capocollo, Onions | 5.50 | 8.25 | 10.50 |
| 25. Italian Salami Back Bacon | 5.50 | 8.25 | 10.50 |
| 26. Italian, Sausage, Mushrooms | 5.50 | 8.25 | 10.50 |
| 27. Pepperoni, Lean Beef | 5.50 | 8.25 | 10.50 |
| 28. Salami, Bacon, Mushrooms | 6.00 | 8.75 | 10.75 |
| 29. Lean Beef, Oysters, Onions | 6.00 | 8.75 | 10.75 |
| 30. Canadian Back Bacon and Fresh Tomatoes | 5.50 | 8.25 | 10.50 |
| 31. Vegetarian Special | 6.75 | 9.50 | 12,00 |
| Extra Topping | .75 | 1.00 | 1.40 |




**ITALIAN DISHES**

Chicken Cacciatore ........ 7.00
Served with Spaghetti, Rigatoni or Lasagna and Garlic Toast
Cannelloni ........ 6.75
Served with Tomato Sauce and Garlic Bread

| | Meat Sauce | Meat Balls |
|---|---|---|
| Spaghetti | 4.50 | 5.50 |
| Baked Lasagna (Individual) | 5.00 | 5.50 |
| Rigatoni | 4.50 | 5.50 |
| Ravioli | 5.00 | 6.00 |

Ph. 324-2515

# SUPREME PIZZA

6539, VICTORIA DRIVE, VANCOUVER, B.C.

EVERGREEN

SHOW

SUNNY ENTERTAINER
proudly presents in Vancouver

# THE GREATEST LIVE SHOW

LAST CHANCE TO HEAR AND SEE ON STAGE

## LAXMIKANT PYARELAL

SUPER STAR NIGHT

## SUPER STAR - RAJESH KHANNA

AWARD WINNER OF 1983

ਰਾਜੇਸ਼ ਖੰਨਾ ਤੇ ਟੀਨਾ ਮੁਨੀਮ ਦੀ
ਜੋੜੀ










Pran



Rajesh Khanna & Teena Munim



Padmani Kohlapure




Suresh Wadkar



Laxmikant




Deven Varma

MANHAR
NITIN MUKESH
RAJESHWARI
- BEST SINGING
TALENT



Shubbir Kumar

(ਮੁਹੰਮਦ ਰਫੀ ਦੀ ਆਵਾਜ਼ ਵਾਲਾ)



Pyarelal



Anuradha

ਭਾਰਤ ਦੀ ਫਿਲਮ ਇੰਡਸਟਰੀ
ਦੇ ਚੋਟੀ ਦੇ ਕਲਾਕਾਰ

28 ਸੰਗੀਤਕਾਰ, 8 ਗੀਤਕਾਰ ———

ਸੁਲਕਸ਼ਨਾ ਪੰਡਿਤ ਵੀ ਪੁਜ ਰਹੀ ਹੈ

**TICKETS: $15, $10, $7.**

# PACIFIC COLISEUM

# LONG WEEKEND MONDAY, MAY 21ST, 1984 — 6:00 P.M.

**TICKETS AVAILABLE AT:**

PATEL'S SUPERMARKET 2210 COMMERCIAL DR. VANCOUVER 255-6729
KINGSWAY SUPERMART FOODS 3265 KINGSWAY & JOYCE (near Haida Theater) VANCOUVER 438-4133
MANN MUSIC & VIDEO'S 6512 MAIN ST. at 49th Ave VANCOUVER 321-6667
MAIN FOODS 6681 MAIN ST. VANCOUVER 324-4185
BHAGAT ENTERPRISES FOODS 2494 CLEARBROOK ROAD CLEARBROOK 853-4312
PARADISE VIDEO 5155 VICTORIA DR. VANCOUVER 321-4064
AMAR FOODS 31813 SOUTH FRASERWAY CLEARBROOK 853-6458
SAMRA BROS. FOODS DELTA 581-2919
SHAKTI VIDEO & STEREO 909-12th ST. NEW WEST. 522-9121
KARIM CASH & CARRY 2957 Commercial Dr. Vancouver
GOOD MORNING PANWALLA 6410 Main St. Vancouver 321-4955
AMBIKA FOODS 5125 VICTORIA DR. VANCOUVER 327-0295
GOYAL VIDEO KING 4160 Fraser St. Vancouver 873-8309
TASLEEM VIDEO VANCOUVER 873-2132
WALIA GROCERY 5105 VICTORIA DR. VANCOUVER 321-7262
ALL INDIA FOODS 6634 Main St. Vancouver 324-1686
ROXY VIDEO 5170 Victoria Dr. Vancouver 321-8661
GLOBE SPICES 6594 MAIN ST. VANCOUVER 321-0662
SANDHU'S VIDEO 3958 FRASER ST. VANCOUVER 875-0414

**SUNNY ENTERTAINER, 6653 VICTORIA DR., VANCOUVER, B.C. V5P 3Y2 — 876-0639 / 321-6557**

# ਸਾ ਹਿ ਤ ਦ ਰ ਪ ਣ

## ਗੀਤ

ਦਿਲਾ ਛਡ ਦੇ ਪਿਆਰ ਹੁਣ ਦੁਨਿਆਂ ਨਾ ਪਾਉਣਾ।
ਇਸ ਚੰਦਰੀ ਲੋਕਾਈ ਤੈਨੂੰ ਪਾਰ ਨਹੀਓ ਲਾਉਣਾ।
ਦੇਸ਼ ਆ ਕੇ ਬਗਾਨੇ ਵਿਚ ਦਿਲ ਐਵੇਂ ਲਾ ਲਿਆ,
ਬਹੁਤ ਵਾਰ ਧੋਖਾ ਅਸਾਂ, ਦੁਨੀਆਂ ਤੋਂ ਖਾ ਲਿਆ,
ਪਤਾ ਲਗ ਗਿਆ ਹੁਣ, ਇਹਨਾਂ ਪਿਆਰ ਨਹੀਂ ਨਿਭਾਉਣਾ।
ਇਸ ਚੰਦਰੀ ਲੋਕਾਈ ਤੈਨੂੰ ..................
ਨਾ ਹੀ ਇਥੇ ਰਾਂਝੇ ਹੁਣ ਨਾ ਹੀ ਇਥੇ ਹੀਰ ਏ,
ਨਾ ਹੀ ਕੋਈ ਪੱਟ ਚੀਰੇ ਨਾ ਕੋਈ ਬੰਨ੍ਹੇ ਲੀਰ ਵੇ,
ਸੱਚੇ ਦਿਲੋਂ ਚਾਹੇਂ ਨਾ ਕੋਈ, ਇਥੇ ਗਲ ਹੁਣ ਲਾਉਣਾ,
ਇਸ ਚੰਦਰੀ ਲੁਕਾਈ ਤੈਨੂੰ ................
ਪੈਸਾ ਏ ਪਿਆਰ ਇਥੇ ਨਹੀਂ ਤੇ ਜੁਦਾਈ ਏ,
ਨਾ ਖਾਲੀ ਹੱਥੀਂ ਆਈ ਰਬਾ ਕਹਿਣਗੇ ਸ਼ੁਦਾਈ ਏ,
ਪਿਓ ਨੂੰ ਪੈਸਾ ਦੇਖ ਜਾਣਦੇ ਨੇ, ਪੁਤ ਮਰਵਾਉਣਾ।
ਇਸ ਚੰਦਰੀ ਲੁਕਾਈ ਤੈਨੂੰ ................
ਦਿਲ ਵਾਲੇ ਮਾਮਲੇ 'ਚ ਦੁਖੜਾ ਉਠਾ ਲਿਆ,
ਜੋ ਵੀ ਸੀ ਬਿਗਾਨਾ, ਉਸਨੂੰ ਆਪਣਾ ਬਣਾ ਲਿਆ,
"ਸੂਸ" ਐਵੇਂ ਹੁਣ ਬੈਠ ਕਿਹੜੀ ਗਲੋਂ ਘਬਰਾਉਣਾ
ਇਸ ਚੰਦਰੀ ਲੁਕਾਈ ਤੈਨੂੰ ...................

## ਗੀਤ

ਨੀ ਕਾਲੀ ਗਾਨੀ ਕਿਹੜੇ ਯਾਰ ਦੀ, ਕਿਹੜਾ ਦੇ ਗਿਆ ਇਹ ਚੰਦਰਾ ਨਿਸ਼ਾਨੀ।
ਨੀ ਅੱਖ ਦੱਬ ਕੋਲੋਂ ਲੰਘ ਜਾਏ, ਦੱਸ ਕੌਣ ਏਂ ਦਿਲਾਂ ਦਾ ਯਾਨੀ।
ਤੇਰੇ ਜਹੀ ਗੰਦਲ ਨੂੰ, ਦੇਖ ਸਾਰੇ ਝੂਰਦੇ,
ਗੀਤ ਸਦਾ ਗਾਉਂਦੇ ਰਹਿੰਦੇ, ਤੇਰੇ ਜਹੀ ਹੂਰ ਦੇ,
ਨੀ ਰਾਹਾਂ ਵਿਚ ਖੜੇ ਦੇਖਦੇ, ਬਿਲੋ ਤੇਰੇ ਨੀ ਦਿਲਾ ਦੇ ਜਾਨੀ।
ਨੀ ਅੱਖ ਦਬ, ਕੋਲੋਂ ਲੰਘ ਜਾਏ ..............
ਦੇਖ ਤੇਰੀ ਗਾਨੀ ਫੁਲ, ਟਾਹਣੀਆਂ ਚੋਂ ਬੋਲਦੇ,
ਛੜੇ ਤੈਨੂੰ ਝੱਲੀਏ ਨੀ, ਅੱਖਾਂ ਨਾਲ ਤੋਲਦੇ,
ਨੀ ਲਗੇ ਤੂੰ ਦੁਆਬੇ ਦੀ ਜੱਟੀ, ਪੀਤਾ ਲਗਦਾ ਪੰਜਾਬ ਦਾ ਏ ਪਾਣੀ।
ਨੀ ਅੱਖ ਦਬ ਕੋਲੋਂ ਲੰਘ ਜਾਏ ...................
ਚਿੱਟੇ ਰੰਗ ਉਤੇ ਕਾਲੀ, ਗਾਨੀ ਬਹੁਤ ਫਬਦੀ,
ਜਿਸਨੇ ਬਣਾਇਆ, ਨਹੀਓ ਰੀਸ ਉਸ ਰੱਬ ਦੀ
ਨੀ ਰੂਪ ਸਾਰਾ ਤੈਨੂੰ ਦੇ ਦਿਤਾ, ਰੱਬ ਚੰਦਰੇ ਨੇ ਕੀਤੀ ਮਨਮਾਨੀ।
ਨੀ ਅੱਖ ਦਬ ਕੋਲੋਂ ਲੰਘ ਜਾਏ .......................

ਕਿਨ੍ਹੀ ਦਿਤੀ ਪਿਆਰ ਨਾਲ ਗਾਨੀ ਇਹੋ ਦੱਸ ਦੇ,
ਲੌੜਾ ਪੈਣੀਏ ਨੀ ਜ਼ਰਾ ਬੁੱਲੀਆਂ ਚੋਂ ਹੱਸ ਦੇ
ਨੀ ਅੱਗ ਸੀਨੇ "ਸੂਸ" ਦੇ ਲਾਦੇ, ਕਾਹਦਾ ਪਾ ਲਿਆ ਤੂੰ ਸੂਟ ਅਸਮਾਨੀ।
ਨੀ ਅੱਖ ਦਬ ਕੋਲੋਂ ਲੰਘ ਜਾਏ ...............

## ਚਾਰ ਗੀਤ

ਲਿਖਣ ਲਗਾਂ ਉਹਨਾਂ ਦੇ ਨਾਂ,
ਜਿਹਨਾਂ ਹੱਥੀਂ ਕਲਮ ਫੜਾ ਦਿਤੀ।
ਉਹਨਾਂ ਸੁਪਨੇ ਚਾਰ ਦਿਖਾ ਕੇ ਤੇ,
ਸਾਨੂੰ ਚੰਦਰੀ ਆਦਤ ਪਾ ਦਿਤੀ।
ਦਿਲ ਵਿਚ ਗਮ ਬੁਲੀਆਂ ਤੇ ਹਾਸਾ,
ਦਿਖਾਉਣਾ ਪੈਂਦਾ ਏ ਦੋਸਤੋ,
ਉਹ ਮਿਲੇ ਸੀ ਗਲ ਲਾਇਆ ਸੀ,
ਗਲ ਲਾ ਕੇ ਜ਼ਹਿਰ ਪਿਲਾ ਦਿੱਤੀ।



ਅਮਰੀਕਾ ਤੋਂ ਪੰਜਾਬੀ ਦੇ ਲਿਖਾਰੀ ਜਸਪਾਲ ਸਿੰਘ "ਸੂਸ" ਦੀ ਕਲਮ ਤੋਂ

ਕੁਝ ਗੀਤ "ਅੱਲੜਾ ਪਿਆਰ" ਕਿਤਾਬ ਵਿਚੋਂ ਧੰਨਵਾਦ ਸਹਿਤ

## ਗੀਤ

ਤੂੰ ਦੇਸ਼ ਪੰਜਾਬ ਦਾ ਗਭਰੂ, ਭਾਰਤ ਦਾ ਗਹਿਣਾ।
ਜਦ ਧਰਮ ਤੇ ਔਖੀ ਆ ਜਾਵੇ ਨਹੀਂ ਚੁਪ ਕਰ ਬਹਿਣਾ।
ਜਿਸ ਅਣਖ ਲਈ ਤੇਰੇ ਵੀਰਿਆਂ, ਬੰਦ ਬੰਦ ਕਟਵਾਏ,
ਉਸ ਅਣਖ ਨੂੰ ਛੱਡ ਕੇ ਹੀਰਿਆ, ਕਿਉਂ ਪਿਛਾਹ ਨੂੰ ਜਾਏਂ,
ਇਹ ਵੇਲਾ ਤੇਰਾ ਵਧਣ ਦਾ, ਨਹੀਂ ਪਿਛੇ ਰਹਿਣਾ।
ਤੂੰ ਦੇਸ਼ ਪੰਜਾਬ ਦਾ ਗਭਰੂ.................
ਤੇਰੇ ਲਈ ਹੀ ਗੁਰਾਂ ਨੇ ਸੀ, ਪੁਤਰ ਵਾਰੇ,
ਜੰਗਲੀਂ ਜਾ ਕੇ ਬਹਿ ਗਿਆ, ਛਡ ਮਹਿਲ ਮੁਨਾਰੇ,
ਸਿੱਖੀ ਨੂੰ ਆਬ ਨਹੀਂ ਆਉਣ ਦੇਣੀ, ਸੀ ਉਸ ਦਾ ਕਹਿਣਾ।
ਤੂੰ ਦੇਸ਼ ਪੰਜਾਬ ਦਾ ਗਭਰੂ ..............
ਤੂੰ ਸਭ ਕੁਝ ਜਾਣਦਾ ਹੋਇਆ ਵੀ ਚਲ ਇਥੇ ਆਇਆ,
ਦੇਖ ਵੈਰੀਆ ਵਤਨੀਂ ਜਾ ਉਏ, ਕੀ ਕਹਿਰ ਕਮਾਇਆ,
ਜੇ ਸਿਰ ਇਹ ਦੁਸ਼ਮਣ ਬਹਿ ਗਿਆ, ਨਹੀਂ ਸਿਰ ਤੋਂ ਲਹਿਣਾ।
ਤੂੰ ਦੇਸ ਪੰਜਾਂਬ ਦਾ ਗੱਭਰੂ............
ਜੇ ਥੋੜੀ ਵੀ ਹੁਣ ਅਣਖ ਏ, ਤਾਂ ਜੰਗ ਵਿਚ ਵੜ ਜਾ,
ਸੀਸ ਤਲੀ ਤੇ ਰੱਖ ਕੇ, ਜ਼ਾਲਮ ਨਾਲ ਲੜ ਜਾ,
ਤੇਰੇ ਯਾਰ ਤੇਰੇ ਨਾਲ ਤੁਰਨਗੇ, ਇਹ "ਸੂਸ" ਦਾ ਕਹਿਣਾ।
ਤੂੰ ਦੇਸ਼ ਪੰਜਾਬ ਦਾ ਗਭਰੂ .................

## ਗੀਤ

ਚੱਕੀ ਪੀਹ ਕੇ ਦਿਨ ਲੰਘਦਾ ਵੇ, ਰਾਤ ਲੰਘਦੀ ਵਿਛੋੜੇ ਵਿਚ ਤੇਰੇ
ਛੇਤੀ ਮੁੜ ਆ ਜਾ ਚੰਨ ਵੇ, ਹੰਝੂ ਤੇਰਿਆਂ ਰਾਹਾਂ 'ਚ ਬਹੁਤ ਕੇਰੇ।
ਕਿਹੜੇ ਦੇਸ਼ ਜਾ ਕੇ ਚੰਨਾਂ ਡੇਰਾ ਏ ਤੂੰ ਲਾ ਲਿਆ,
ਮਾਇਆ ਚੰਦਰੀ ਦਾ ਕਾਹਨੂੰ ਫਾਹਾ ਗਲ ਪਾ ਲਿਆ।
ਕੱਲੀ ਨੂੰ ਏ ਘਰ ਖਾਂਵਦਾ, ਸਾਡੇ ਅੱਲੜਾਂ ਦੇ ਐਨੇ ਕਿੱਥੇ ਜੇਰੇ
ਛੇਤੀ ਮੁੜ ਆ ਜਾ ਚੰਨ ਵੇ ................
ਪੈਰਾਂ ਦੀਆਂ ਝਾਂਜਰਾਂ ਨੇ ਰੋਜ਼ ਤਾਅਨੇ ਦਿੰਦੀਆਂ,
ਚੁਕ ਪੈਰੀਂ ਪਾ ਲੈ, ਅਸੀਂ ਪਈਆਂ ਨਹੀਓਂ ਰਹਿੰਦੀਆਂ,
ਝਾਂਜਰਾਂ ਨੂੰ ਪਾ ਕੇ ਕੀ ਕਰਾਂ, ਮੇਰੀ ਤਾਰ ਤਾਂ ਵਜੇ ਵਿਚ ਤੇਰੇ।
ਛੇਤੀ ਮੁੜ ਆ ਜਾ ਚੰਨ ਵੇ..................
ਤੇਰੇ ਤਾਂ ਵਿਛੋੜੇ ਵਿਚ ਸਭ ਕੁਝ ਭੁਲਿਆ,
ਮੇਰਾ ਤੱਤੜੀ ਦਾ ਰੂਪ ਮਿੱਟੀ ਵਿਚ ਰੁਲਿਆ,
ਸਾਡਿਆਂ ਤਾਂ ਲੇਖਾਂ 'ਚ ਲਿਖੇ ਇਥੇ ਦਿਨਾਂ ਨੂੰ ਵੀ ਚੰਦਰੇ ਹਨੇਰੇ
ਛੇਤੀ ਮੁੜ ਆ ਜਾ ਚੰਨ ਵੇ ..............
"ਸੂਸਾ ਵਾਲਾ" ਪਾਲ ਚੰਨਾ ਕਲ ਮੁੜ ਆਇਆ ਵੇ,
ਤਾਹੀਓਂ ਅੱਜ ਖਤ ਅਸਾਂ ਤੇਰੇ ਵੱਲ ਪਾਇਆ ਵੇ,
ਜੇ ਬੱਸ ਹੋਵੇ ਆਪ ਆ ਜਾਵਾਂ, ਰਾਹ ਚੰਦਰੇ ਨੇ ਬਹੁਤ ਇਹ ਲਮੇਰੇ।
ਛੇਤੀ ਮੁੜ ਆ ਜਾ ਚੰਨ ਵੇ .....................

## ਤਰੱਕੀ ਪਸੰਦ ਅਦਬ

ਅਦਬ ਤਾਂ ਹੈ ਹੀ ਜ਼ਿੰਦਗੀ। ਅਦਬ ਤੇ ਜ਼ਿੰਦਗੀ ਬਾਰੇ ਗੱਲ ਕਰਨ ਦੀ ਲੋੜ ਹੀ ਨਹੀਂ ਹੋਣੀ ਚਾਹੀਦੀ। ਜਿਸ ਅਦਬ ਦਾ ਜ਼ਿੰਦਗੀ ਨਾਲ ਤੁਅੱਲਕ ਨਹੀਂ, ਉਹ ਅਦਬ ਹੈ ਕਿਸ ਚੀਜ਼ ਬਾਰੇ ?

ਇਥੇ ਥੋੜ੍ਹਾ ਜਿਹਾ ਫਰਕ ਆ ਜਾਂਦਾ ਹੈ ਕਿ ਜ਼ਿੰਦਗੀ ਮੇਰੀ ਜ਼ਿੰਦਗੀ ਜਾਂ ਕਿ ਸਾਰੇ ਲੋਕਾ ਦੀ ਜ਼ਿੰਦਗੀ, ਯਾਨੀ ਸਾਰੀ ਕੌਮੀ ਜ਼ਿੰਦਗੀ, ਇਨਸਾਨੀਅਤ ਦੀ ਜ਼ਿੰਦਗੀ ? ਜਿੰਨਾ ਤੁਹਾਡੀ ਨਜ਼ਰ ਦਾ ਹਲਕਾ ਵਸੀਹ ਹੋਵੇਗਾ, ਉਨੀ ਹੀ ਤੁਹਾਡੇ ਅਦਬ ਦੀ ਕੀਮਤ ਤੇ ਅਹਿਮੀਅਤ ਜ਼ਿਆਦਾ ਹੋਵੇਗੀ।

ਤੂੰ,
ਹਨੇਰੇ ਨੂੰ ਜਿੰਨਾ ਮਰਜ਼ੀ
ਗਾੜ੍ਹਾ ਕਰ ਲੈ :
ਸੂਰਜ ਨੂੰ ਜਿਸ ਭੋਰੇ 'ਚ ਮਰਜ਼ੀ
ਵੜਦਾ ਕਰਲੈ :
ਸਾਡੇ ਦਿਲ ਦਾ ਲਹੂ
ਜਿੱਥੇ ਡੁੱਲ੍ਹੇ ਗਾ
ਓਥੋਂ ਅੱਗ ਦੇ ਅੰਗਿਆਰ
ਭਖਦੇ ਉਠਣਗੇ :
ਚੰਗਿਆੜੇ ਤਿੜਕਣ ਗੇ :
ਤੇ,
ਚਾਨਣ ਚੁਫੇਰੇ ਖਿੰਡੇਗਾ
ਪਸਰੇਗੀ ਲਾਲੀ ਦੁਮੇਲ ਤੇ,
ਨਵਾਂ ਸੂਰਜ ਉੱਗੇਗਾ :
ਤੇ

## ਕਵਿਤਾ

### ਤੂੰ ਵੇਖੇਂਗਾ

"ਦਿਓਲ"

ਨਾਲ ਨਾਲ ਸੂਰਜ ਦੇ ਉਦੇ ਹੋਣ ਵੇਲੇ
ਦੋ ਪੱਖ ਉਜਾਗਰ ਹੋਣਗੇ
ਤੂੰ ਵੇਖੇਂਗਾ
ਸਾਡੇ ਕੋਲ ਤਾਂ ਸਭ ਤੋਂ ਵੱਡਾ
ਇਕੋ ਹੀ ਹਥਿਆਰ ਹੈ :
ਸਾਡੀ ਛਾਤੀ ਅੰਦਰ ਜੋ,
ਭਖਦਾ ਅੰਗਿਆਰ ਹੈ :
ਕਾਸ਼ ਕਦੇ,
ਦਿਨ ਵਰਗੀ, ਭਖਦੀ, ਜਿਉਂਦੀ ਤੇ ਧੜਕਦੀ
ਵਸਤੂ, ਤੈਨੂੰ ਵੀ ਨਸੀਬ ਹੋਈ ਹੁੰਦੀ :
ਤੂੰ ਵੀ ਚਾਨਣ ਨੂੰ
ਅੱਗ ਤੇ ਅੰਗਿਆਰ ਨੂੰ ਲੋਚਦਾ :
ਸਦਾ ਹਨੇਰੇ ਵਿਚ ਬਹਿ ਕੇ ਨਾ ਸੋਚਦਾ।

## ਰਿਸ਼ਤਾ

ਬਲਬੀਰ ਸੈਣੀ

ਗੱਡੀ ਨੇ ਪਹਿਲੀ ਵਿਸਲ ਦਿੱਤੀ......ਉਹਨਾਂ ਦੀ ਬਿਰਤੀ ਟੁੱਟੀ ਅਤੇ ਦੋਹਾਂ ਇਕ ਦੂਜੇ ਦੀਆਂ ਅੱਖਾਂ ਵਿਚ ਝਾਕਿਆ। ਦੂਜੀ ਤੇ ਤੀਜੀ ਵਿਸਲ ਨਾਲ ਗੱਡੀ ਅੱਗੇ ਸਰਕਨੀ ਸ਼ੁਰੂ ਹੋ ਗਈ। ਦੋਹਾਂ ਦੇ ਗਲੇਡ਼ ਭਰ ਆਏ ਅਤੇ ਉਹ ਆਪਣੀਆਂ ਅੱਖਾਂ ਪੂੰਝਦੇ ਇਕ ਦੂਜੇ ਤੋਂ ਜੁਦਾ ਹੋ ਗਏ। ਨਾਲ ਦੀ ਹੀ ਸੀਟ ਤੇ ਇਕ ਬੁੱਢੀ ਬੈਠੀ ਸੀ। ਦਰਦ ਦੀ ਤੇ ਪਿਆਰ ਦੀ ਜਿਉਂਦੀ ਜਾਗਦੀ ਤਸਵੀਰ । ਅੰਤਾਂ ਦੇ ਦਰਦ ਅਤੇ ਮੋਹ ਨਾਲ ਉਸ ਪੱਛਿਆ, "ਧੀਏ ! ਇਸ ਜਾਣ ਵਾਲੇ ਨਾਲ ਤੇਰਾ ਕੀ ਰਿਸ਼ਤਾ ਏ ?" ਕੁੜੀ ਦੀਆਂ ਸਿਸਕੀਆਂ ਲੰਮੀਆਂ ਹੁੰਦੀਆਂ ਗੱਡੀ ਦੀ ਖੜ ਖੜ ਵਿਚ ਮਿਲ ਗਈਆਂ। ਉਹਦੇ ਹਉਕੇ ਉਸਦੇ ਸੀਨੇ ਵਿਚ ਸਾਂਭੇ ਨਹੀਂ ਸਨ ਜਾ ਰਹੇ। ਗਲੇਡੂਆਂ ਭਰੀ ਤੱਕਣੀ ਨਾਲ ਉਸ ਬੁੱਢੀ ਵਲ ਤੱਕਿਆ ਜਿਵੇਂ ਕਹਿ ਰਹੀ ਹੋਵੇ, "ਮਾਏ ! ਦੁੱਖ ਤਾਂ ਇਹੋ ਹੈ ਕਿ ਹੁਣ ਇਸਦੇ ਨਾਲ ਮੇਰਾ ਕੋਈ ਰਿਸ਼ਤਾ ਨਹੀਂ ਰਿਹਾ......।"

**ਨ ਕਰਦ ਸੀ, ਨ ਛੁਰੀ ਪੌਣ ਕੋਲ, ਕਿਉਂ ਫਿਰ ਵੀ ਕਲੀ ਕਲੀ ਦਾ ਕਲੇਜਾ ਸੀ ਪਾਟਿਆ ਹੋਇਆ।**

ਭਾਰਤ ਜਾਣ ਦੀ ਤਿਆਰੀ ਹੈ?
East West Travel Ltd.
ਹਵਾਈ ਟਿਕਟਾਂ
ਸਾਥੋਂ ਹਰ ਏਅਰਲਾਈਨ ਦੀਆਂ ਹਵਾਈ ਟਿਕਟਾਂ ਮਿਲਦੀਆਂ ਹਨ।



Special for India, Pakistan, Fiji and West Indies.
Mike Brar
ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।
ਮਲਕੀਤ ਬਰਾੜ ਨੂੰ ਫ਼ੋਨ ਕਰੋ
Ph.(403)235-3661
#206-3517, 17 Ave. S.E. Calgary, Alta
T2A 0R5

Harcharan S. Sanghera
B.A.,(Hons.)B.T.
We wish to let everybody know, that Harry, top salesman has rejoined our firm, and is eager to help in matters of real estate.
Call (403)274-9586
COMMISSIONER FOR OATHS



HEIN REAL ESTATE CORPORATION 272-3382

# ਸੰਸਾਰ ਦਰਪਣ

## ਰੂਸ ਵਲੋਂ ਉਲਿੰਪਕ ਖੇਡਾਂ ਦਾ ਬਾਈਕਾਟ

ਮਾਸਕੋ — 1984 ਵਿਚ ਹੋਣ ਵਾਲੀਆਂ ਓਚਲਿੰਪਕ ਖੇਡਾਂ ਵਿਚ ਸੋਵੀਅਤ ਰੂਸ ਦੇ ਖਿਲਾੜੀ ਹਿੱਸਾ ਨਹੀਂ ਲੈਣਗੇ। ਅਮਰੀਕਾ , ਕੈਨੇਡਾ ਆਦਿ ਯੂਰਪੀ ਦੇਸ਼ਾਂ ਨੇ 1980 ਵਿਚ ਮਾਸਕੋ ਵਿਚ ਉਲਿੰਪਕ ਖੇਡਾਂ ਦਾ ਬਾਈਕਾਟ ਕੀਤਾ ਸੀ। ਇਸ ਗੱਲ ਦਾ ਵੀ ਅੰਦੇਸ਼ਾ ਕੀਤਾ ਜਾਂਦਾ ਹੈ ਕਿ ਰੁਮਾਨੀਆਂ ਤੋਂ ਬਿਨਾਂ ਸੋਵੀਅਤ ਰੂਸ ਨਾਲ ਬਾਕੀ ਦੇ ਸੋਸ਼ਲਿਸਟ ਦੇਸ਼ ਵੀ ਇਨਾਂ ਖੇਡਾਂ ਦਾ ਬਾਈਕਾਟ ਕਰਨਗੇ।

## ਹਾਂਗ ਕਾਂਗ ਵਿਚ ਟੇਪਾਂ ਤੇ ਮਨਾਹੀ

ਹਾਂਗ ਕਾਂਗ — ਇਥੋਂ ਦੇ ਗੁਰਦੁਆਰਿਆਂ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀਆਂ ਟੇਪਾਂ ਚਲਾਉਣ ਦੀ ਆਗਿਆ ਨਹੀਂ ਹੈ ਜਿਨ੍ਹਾਂ ਵਿਚ ਉਨ੍ਹਾਂ ਦੀਆਂ ਸਪੀਚਾਂ ਭਰੀਆਂ ਹੋਈਆਂ ਹਨ ਕਿਉਂਕਿ ਉਹ 'ਧਰਮ ਪ੍ਰਚਾਰਕ ਨਹੀਂ ਸਗੋਂ ਫਿਰਕਾ ਪ੍ਰਸਤ' ਕਹੀਆਂ ਜਾਂਦੀਆਂ ਹਨ।

ਖਾਲਸਾ ਨੌਜਵਾਨ ਸਭਾ ਨੂੰ ਕਿਹਾ ਗਿਆ ਹੈ ਕਿ ਅਜੇਹਾ ਮਾਹੌਲ ਜਾਂ ਵਾਤਾਵਰਨ ਨਾ ਪੈਦਾ ਹੋਣ ਦਿਤਾ ਜਾਵੇ ਜਿਸ ਨਾਲ ਉਥੇ ਰਹਿ ਰਹੇ ਬਹੁ ਗਿਣਤੀ ਦੇ ਸਿੰਧੀਆਂ ਦੀਆਂ ਭਾਵਨਾਵਾਂ ਨੂੰ ਸੱਟ ਲੱਗੇ ਜੋ ਕਿ ਹਮੇਸ਼ਾ ਹੀ ਬਹੁ ਗਿਣਤੀ ਵਿਚ ਗੁਰਦੁਆਰਿਆਂ ਵਿਚ ਆਉਂਦੇ ਹਨ ਅਤੇ ਚੰਗੀ ਚੋਖੀ ਭੇਟਾ ਗੁਰਦੁਆਰਿਆਂ ਨੂੰ ਭੇਟਾ ਕਰਦੇ ਹਨ।

ਹਾਂਗ ਕਾਂਗ ਵਿਚ ਸਿਖ ਅਤੇ ਸਿੰਧੀ ਫਿਰਕਿਆਂ ਦੀ ਬਹੁ ਗਿਣਤੀ ਰਾਜਸੀ ਵਿਚਾਰਾਂ ਦੀ ਵਿਰੋਧਤਾ ਤੋਂ ਉਚੇਰੀ ਹੈ।

## ਹਾਲੈਂਡ ਭਾਰਤ ਤੋਂ ਹਾਰ ਗਿਆ

ਬਰਲਨ — ਇਥੇ ਖੇਲੇ ਗਏ ਅੰਤਰ ਰਾਸ਼ਟਰੀ ਹਾਕੀ ਟੂਰਨਾਮੈਂਟ ਵਿਚ ਭਾਰਤ ਨੇ ਹਾਲੈਂਡ ਵਰਗੀ ਤਕੜੀ ਟੀਮ ਨੂੰ 2 - 1 ਗੋਲਾਂ ਨਾਲ ਹਰਾ ਦਿਤਾ ਪਰ ਆਸਟਰੇਲੀਆ ਨੇ ਭਾਰਤ ਨੂੰ 5 - 3 ਦੀ ਤਕੜੀ ਹਾਰ ਦਿੱਤੀ ਭਾਰਤ ਨੇ ਹੌਂਸਲਾ ਨਹੀਂ ਹਾਰਿਆ ਅਤੇ ਜਰਮਨੀ ਨੂੰ 2 - 1 ਹਰਾ ਕੇ ਦੂਜਾ ਅਸਥਾਨ ਪ੍ਰਾਪਤ ਕਰ ਲਿਆ। ਪਹਿਲਾ ਅਸਥਾਨ ਆਸਟਰੇਲੀਆ ਨੇ ਹੀ ਪ੍ਰਾਪਤ ਕੀਤਾ।

## ਪੋਪ ਜਾਨ ਪਾਲ ਤੇ ਘਾਤਕ ਹਮਲਾ ?

ਸੀਓਲ (ਕੋਰੀਆ) — ਪੋਪ ਸ਼੍ਰੀ ਜਾਨ ਪਾਲ ਦੇ ਦੌਰੇ ਸਮੇਂ ਇਥੇ ਇਕ ਵਿਅਕਤੀ ਨੇ ਪਸਤੌਲ ਨਾਲ ਉਨ੍ਹਾਂ ਤੇ ਹਮਲਾ ਕਰਣ ਦਾ ਯਤਨ ਕੀਤਾ। ਹਮਲਾਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਖਬਰਾਂ ਅਨੁਸਾਰ ਉਸਦੀ ਦਿਮਾਗੀ ਹਾਲਤ ਠੀਕ ਨਹੀਂ ਸੀ ਅਤੇ ਹਮਲੇ ਲਈ ਵਰਤਿਆ ਪਸਤੌਲ ਵੀ ਬਚਿਆਂ ਦਾ ਖਡੌਣਾ ਹੀ ਸੀ।

## ਐਂਟੀ — 47 ਫਰੰਟ ਅਮਰੀਕਾ ਵਿਚ ਸਰਗਰਮ

ਕੈਲੇਫੋਰਨੀਆ — ਇਕ ਖਬਰ ਅਨੁਸਾਰ ਅਮਰੀਕਾ ਵਿਚ ਬਹੁਤ ਫਿਰਕੂ ਜਨੂੰਨ ਵਿਰੁਧ ਇਕ ਨਵਾਂ ਐਂਟੀ -47 ਫਰੰਟ ਕਾਇਮ ਹੋ ਗਿਆ ਹੈ ਜੋ ਪੰਜਾਬ ਵਿਚ 1947 ਦੇ ਹਾਲਾਤ ਨੂੰ ਮੁੜ ਦੁਹਰਾਏ ਜਾਣ ਦੇ ਵਿਰੋਧ ਵਿਚ ਪੂਰੀ ਤਰ੍ਹਾਂ ਸਰਗਰਮ ਹੈ। ਗੁਰੂ ਘਰਾਂ ਵਿਚ ਲੈਕਚਰਾਂ ਰਾਹੀਂ ਅਤੇ ਇਸ਼ਤਹਾਰਾਂ ਰਾਹੀਂ ਇਹ ਅਮਰੀਕੀ ਭਾਰਤੀਆਂ ਨੂੰ ਚੇਤਨ ਕਰ ਰਿਹਾ ਹੈ ਕਿ ਫਿਰਕੂ ਜਨੂੰਨੀਆਂ ਲਈ ਫੰਡ ਇਕੱਠੇ ਕਰ ਕੇ ਦੇਣਾ ਆਤਮ—ਘਾਤ ਕਰਨ ਬਰਾਬਰ ਹੈ। ਮਜ਼੍ਹਬ ਦਾ ਨਾਅਰਾ ਦੇਕੇ ਕਈ ਫਿਰਕੂ ਜਨੂੰਨੀ ਅਮਰੀਕਾ ਦੇ ਲੋਕਾਂ ਤੋਂ ਡਾਲਰ ਬਿਟੋਰ ਰਹੇ ਹਨ ਅਤੇ ਇਹ ਫਰੰਟ ਅਜੇਹੇ ਜਨੂੰਨੀਆਂ ਦਾ ਪਰਦਾ ਫਾਸ਼ ਕਰਨ ਲਈ ਤਤਪਰ ਹੈ।

ਇਸ ਫਰੰਟ ਦੀਆਂ ਕਾਰਵਾਈਆਂ ਵਿਚ ਉੱਤਰੀ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਇਸ ਦੀਆਂ ਯੂਨਿਟਾਂ ਕਾਇਮ ਕਰਨੀਆਂ ਅਤੇ ਰਾਜਸੀ ਚੇਤਨਾ ਪੈਦਾ ਕਰਨਾ ਹੈ।

## ਦਾਜ ਵਿਰੋਧੀ ਬਿੱਲ ਇਸੇ ਸਮਾਗਮ 'ਚ ਲਿਆਂਦਾ ਜਾਵੇ

ਅੰਮ੍ਰਿਤਸਰ — ਦਾਜ ਵਿਰੋਧੀ ਦਿਹਾੜੇ ਤੇ ਪੰਜਾਬ ਇਸਤਰੀ ਸਭਾ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਤਾਰ ਭੇਜ ਕੇ ਦਾਜ ਵਿਰੋਧੀ ਤਰਮੀਮੀ ਬਿਲ ਚਾਲੂ ਪਾਰਲੀਮੈਂਟ ਦੇ ਅਜਲਾਸ ਵਿਚ ਲਿਆਉਣ ਦੀ ਮੰਗ ਕੀਤੀ।

ਅੰਮ੍ਰਿਤਸਰ ਵਿਚ ਮਾਤਾ ਹਰਬੰਸ ਕੌਰ ਦੀ ਪ੍ਰਧਾਨਗੀ ਹੇਠ ਹੋਈ ਇਸਤਰੀ ਸਭਾ ਦੀ ਇਕ ਮੀਟਿੰਗ ਨੇ ਇਸ ਸਬੰਧ ਵਿਚ ਕੀਤੀ ਜਾ ਰਹੀ ਅਣਗਹਿਲੀ ਤੇ ਦੇਰ ਤੇ ਭਾਰੀ ਰੋਸ ਦਾ ਪ੍ਰਗਟਾਵਾ ਕੀਤਾ। ਮੀਟਿੰਗ ਵਿਚ ਸ਼੍ਰੀਮਤੀ ਵਿਮਲਾ ਡਾਂਗ ਨੇ ਵਿਮਲਾ ਫਾਰੂਕੀ ਤੇ ਗੀਤਾ ਮੁਕਰਜੀ ਦੀ ਰਹਿਨੁਮਾਈ ਵਿਚ 144 ਇਸਤਰੀਆਂ ਨੇ ਭਾਰਤੀ ਮਹਿਲਾ ਫੈਡਰੇਸ਼ਨ ਵਲੋਂ ਸਤਿਆ—ਗ੍ਰਿਹ ਕਰਕੇ ਗ੍ਰਿਫਤਾਰੀਆਂ ਦਿਤੀਆਂ ਤੇ ਮੰਗ ਉਠਾਈ ਕਿ ਚਾਲੂ ਅਜਲਾਸ ਵਿਚ ਦਾਜ—ਵਿਰੋਧੀ ਤਰਮੀਮੀ ਬਿਲ ਪੇਸ਼ ਕੀਤਾ ਜਾਏ।

## ਰੰਗਮੰਚ

### ਅਰਬਦ ਨਰਬਦ ਧੁੰਦੂਕਾਰਾ

'ਅਰਬਦ ਨਰਬਦ ਧੁੰਦੂਕਾਰਾ' ਅਤੇ 'ਬਗਾਨੇ ਬੋਹੜ ਦੀ ਛਾਂ' ਦੇ ਇਕਾਂਗੀ ਦਿੱਲੀ ਦੇ ਏਵਾਨੇ ਗਾਲਬ ਵਿਚ ਪਿਛਲੇ ਦਿਨੀਂ ਖੇਡੇ ਗਏ। ਇਨ੍ਹਾਂ ਦੋਹਾਂ ਇਕਾਂਗੀਆਂ ਦੇ ਲੇਖਕ ਨਿਰਦੇਸ਼ਕ ਸਨ ਪਰੋਫੈਸਰ ਅਜਮੇਰ ਸਿੰਘ ਔਲਖ।

ਦਿੱਲੀ ਵਿਚ ਪੰਜਾਬੀ ਲੋਕਾਂ ਦੀ ਗਿਣਤੀ ਕਾਫੀ ਹੋਣ ਕਾਰਨ ਦਿੱਲੀ ਵਿਚ ਵਸਣ ਵਾਲੇ ਪੰਜਾਬੀ ਆਪਣੇ ਆਪ ਨੂੰ ਕਿਸੇ ਦੂਸਰੇ ਪ੍ਰਾਂਤ ਵਿਚ ਮਹਿਸੂਸ ਨਹੀਂ ਕਰਦੇ ਪਰ ਇਕ ਫਰਕ ਜ਼ਰੂਰ ਪੈ ਗਿਆ ਹੈ। ਦਿੱਲੀ ਦੇ ਮਾਹੌਲ ਵਿਚ ਰਹਿ ਕੇ, ਜਿਥੇ ਹਰ ਪ੍ਰਾਂਤ ਦਾ ਤੇ ਹਰ ਦੇਸ਼ ਦਾ ਵਿਅਕਤੀ ਲਭ ਜਾਂਦਾ ਹੈ, ਪੰਜਾਬੀ ਲੋਕਾਂ ਦੀ ਬੋਲੀ ਕਾਫੀ ਬਦਲ ਗਈ ਹੈ। ਇਸ ਲਈ ਜਦੋਂ ਕੋਈ ਨਾਟਕ ਮੰਡਲੀ ਪੰਜਾਬ ਤੋਂ ਆਣ ਕੇ ਦਿੱਲੀ ਵਿਚ ਨਾਟਕ ਖੇਡਦੀ ਹੈ ਉਹ ਆਪਣੀ ਬੋਲੀ ਅਤੇ ਪੰਜਾਬੀ ਦੇ ਨਿਰੋਲ ਸਥਾਨਕ ਲਹਿਜੇ ਨਾਲ ਪੰਜਾਬੀ ਦਰਸ਼ਕਾਂ ਦੇ ਮਨ ਮੋਹ ਲੈਂਦੀ ਹੈ।

ਮਾਨਸਾ ਤੋਂ ਆਈ ਨਾਟਕ ਮੰਡਲੀ ਦੀ ਪੇਸ਼ਕਾਰੀ ਵਿਚ ਸਭ ਤੋਂ ਵੱਧ ਪ੍ਰਭਾਵਸ਼ਾਲੀ ਗੁਣ ਉਨ੍ਹਾਂ ਦੀ ਨਾਟਕੀ ਬੋਲੀ ਅਤੇ ਬੋਲਣ ਦਾ ਢੰਗ ਸੀ।

ਪ੍ਰੋ: ਔਲਖ ਨੇ 'ਅਰਬਦ ਨਰਬਦ ਧੁੰਦੂਕਾਰਾ' ਨਾਟਕ ਦੀ ਰਚਨਾ ਐਬਸਰਡ ਨਾਟਸ਼ੈਲੀ ਵਿਚ ਕੀਤੀ ਹੈ। ਪਰ ਨਾਟਕ ਦੇ ਅੰਤ ਤੱਕ ਪਹੁੰਚਦਿਆਂ ਇਹ ਸ਼ੈਲੀ ਪ੍ਰਤੀਕਾਤਮਕ ਰੂਪ ਧਾਰਨ ਕਰ ਜਾਂਦੀ ਹੈ। ਉਸ ਨੇ ਪ੍ਰਸਿੱਧ ਆਸ਼ਕਾਂ ਨੂੰ ਟਾਪਣੀ ਧੁੰਨ ਵਿਚ ਲਗਿਆਂ ਦਿਖਾਇਆ ਹੈ। ਫਰਿਹਾਦ ਆਪਣੀ ਸ਼ੀਰੀਂ ਨੂੰ ਹਾਸਲ ਕਰਨ ਲਈ ਪਹਾੜ ਕਟਣ ਲਗਾ ਹੋਇਆ ਹੈ। ਮਜਨੂੰ ਲੈਲਾ ਨੂੰ ਲੱਭਦਾ ਫਿਰਦਾ ਹੈ। ਇਸ ਤਰ੍ਹਾਂ ਰਾਂਝਾ, ਪੁੰਨੂੰ ਤੇ ਮਿਰਜ਼ਾ ਇਕ ਦੂਜੇ ਨਾਲ ਉਸ ਦੇ ਇਸ਼ਕ ਦੀਆਂ ਗੱਲਾਂ ਕਰਦੇ ਹਨ। ਸਾਰੇ ਆਸ਼ਕ ਇਕੋ ਥਾਂ ਇਕੱਠੇ ਕਰਕੇ ਅਜੀਬ ਐਬਸਰਡ ਮਾਹੌਲ ਦੀ ਉਸਾਰੀ ਹੁੰਦੀ ਹੈ। ਇਹ ਸਾਰੇ ਮਜ਼ਦੂਰ ਲੋਕ ਰੋਟੀ ਹਾਸਲ ਕਰਨ ਦੀ ਘਾਲ ਵਿਚ ਲਗੇ ਉਘੜਦੇ ਹਨ ਜਿਨ੍ਹਾਂ ਦੀ ਰੋਟੀ ਕੋਈ ਕਾਲੀ ਸ਼ਕਤੀ ਆਪਣੇ ਜਬਰ ਨਾਲ ਖੋਹਦੀ ਹੈ।

ਅਖੀਰ ਵਿਚ ਮਿਰਜੇ ਦਾ ਚੈਲੰਜ—ਕਿ ਹੁਣ ਉਹ ਸੁੱਤਾ ਨਹੀਂ, ਜਾਗਦਾ ਹੈ, ਹੁਣ ਉਸਦੀ ਸਾਹਿਬਾਂ ਨੂੰ ਕੋਈ ਨਹੀਂ ਖੋਹ ਸਕਦਾ, ਨਾਟਕ ਨੂੰ ਨਵੇਂ ਅਰਥ ਪ੍ਰਦਾਨ ਕਰਦਾ ਹੈ। ਫਰਿਹਾਦ(ਵਿਜੇ ਬੇਦੀ) ਮਜਨੂੰ (ਦਰਸ਼ਨ ਮਿਤਵਾ) ਤੇ ਇੰਦਰ ਬਾਣੀਆ (ਸੁਭਾਸ) ਦਾ ਅਭਿਨੈ ਸ਼ਲਾਘਾਯੋਗ ਹੈ।

ਦੂਜਾ ਇਕਾਂਗੀ 'ਬਗਾਨੇ ਬੋਹੜ ਦੀ ਛਾਂ' ਆਰਥਕ ਤੰਗੀ ਵਿਚ ਪਰੇਸ਼ਾਨ ਹੋ ਰਹੇ ਅਤੇ ਆਪਸ ਵਿਚ ਖਹਿਬੜਦੇ ਇਕ ਛੋਟੇ ਕਿਸਾਨ ਪਰਵਾਰ ਦੀ ਦਸ਼ਾ ਦਾ ਚਿਤ੍ਰਣ ਹੈ। ਕਿਸਾਨ (ਬਲਰਾਜ ਮਾਨ) ਉਸ ਦੀ ਪਤਨੀ (ਹਰਪਾਲ ਸਿੱਧੂ) ਅਮਲੀ (ਦਿਲਬਾਗ) ਅਤੇ ਸੇਠ (ਵਿਜੇ ਬੇਦੀ) ਨੇ ਆਪਣੇ ਰੋਲ ਬੜੀ ਸੁਭਾਵਕਤਾ ਨਾਲ ਨਿਬਾਹੇ ਹਨ। ਇਨ੍ਹਾਂ ਇਕਾਂਗੀਆਂ ਨਾਲ ਪ੍ਰੋ: ਔਲਖ ਪੰਜਾਬੀ ਦੇ ਨਵੇਂ ਨਾਟਕਕਾਰ ਦੇ ਰੂਪ ਵਿਚ ਸਾਹਮਣੇ ਆਇਆ ਹੈ।

—ਗੁਰਚਰਨ ਸਿੰਘ ਜਸੂਜਾ

## ਇਸ਼ਕ ਠੋਕਰ ਤੇ ਮੁਸਕਰਾਉਂਦਾ ਹੈ

ਸੁਰਿੰਦਰ ਕੌਰ, ਜਗਜੀਤ ਜ਼ੀਰਵੀ, ਡੌਲੀ ਦੀਆਂ ਮਧੁਰ ਆਵਾਜ਼ਾਂ ਵਿਚ

ਗੁਰਚਰਨ ਰਾਮਪੁਰੀ ਦੀਆਂ
ਗਜ਼ਲਾਂ/ਗੀਤਾਂ ਦੀ ਕੈਸਟ ਟੇਪ ਇਨ੍ਹਾਂ ਸਟੋਰਾਂ
ਤੋਂ ਲਵੋ :

ਅੰਬੀਕਾ ਡ੍ਰਬਜ਼ — ਵਿਕਟੋਰੀਆ ਡਰਾਈਵ, ਵੈਨਕੂਵਰ
ਮਾਨ ਮਿਊਜ਼ਿਕ ਐਂਡ ਫੋਟੋ ਸਟੂਡੀਓ — ਮੇਨ ਸਟਰੀਟ, ਵੈਨਕੂਵਰ

## ਜਾਪਾਨ ਸਾੜ੍ਹੀ ਹਾਊਸ
ਕੈਲਗਰੀ ਵਿਚ

ਵਧੀਆ ਕਪੜਾ—ਵਾਜਬ ਭਾਅ
ਪੰਜਾਬੀ ਸੂਟਾਂ, ਸਾੜ੍ਹੀਆਂ ਤੇ ਹੋਰ ਫੈਬਰਿਕਸ
ਲਈ ਜਾਪਾਨ ਸਾੜ੍ਹੀ ਹਾਊਸ ਪਹੁੰਚੋ
ਪੰਜਾਬੀ ਸੂਟ ਦੁਪੱਟੇ ਸਮੇਤ
ਵਧੀਆ ਚੋਣ ਲਈ ਇਕੋ ਇਕ ਦੁਕਾਨ
ਹਫਤੇ ਦੇ ਸੱਤੇ ਦਿਨ ਖੁਲ੍ਹੀ ਰਹਿੰਦੀ ਹੈ
2, 4602 - 17th Ave. S.E. Calgary, ALTA
Ph.(403)273-6905

## ਸਵਾਲ ਤੁਹਾਡੇ — ਜਵਾਬ ਅਸਾਡੇ — ਕਾਲਮ

ਫਿਲਮਾਂ ਬਾਰੇ ਤੇ ਆਮ ਸਵਾਲਾਂ ਸਬੰਧੀ ਅਗਲੇ ਅੰਕ ਤੋਂ ਤੁਹਾਡੇ ਸਵਾਲਾਂ ਦੇ ਜਵਾਬ ਸਵਰ-ਸਾਗਰ ਰੇਡੀਓ ਪ੍ਰੋਗਰਾਮ ਵਾਲੇ ਮਨਜੀਤ ਵਿਰਦੀ ਦਿਆ ਕਰਨਗੇ। ਤੁਸੀਂ ਆਪਣੇ ਸਵਾਲ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ। ਸਵਾਲ ਤਿੰਨਾਂ ਤੋਂ ਵੱਧ ਨਹੀਂ ਹੋਣੇ ਚਾਹੀਦੇ।

Manjit Virdi
c/o CANADA DARPAN
Box 67344 STN. 'O'
Vancouver, B.C. Canada V5W 3T1

## *ਭਿੰਡਰਾਂਵਾਲੇ ਦੀ ਇਕ ਹੋਰ ਟੇਪ*

## 'ਮੈਂ ਪੰਥ ਦੀ ਅਸਲੀ ਸੇਵਾ ਕਰ ਰਿਹਾ ਹਾਂ'

ਅੰਮ੍ਰਿਤਸਰ (ਲੋਕ ਵਾਰਤਾ)—ਇਥੇ ਬਜ਼ਾਰ ਵਿਚ ਅਤਵਾਦੀ ਨੇਤਾ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਭਾਸ਼ਣ ਦੀ ਇਕ ਹੋਰ ਟੇਪ ਆਈ ਹੈ.

ਇਸ ਟੇਪ ਵਿਚ ਸੰਤ ਭਿੰਡਰਾਂ-ਵਾਲੇ ਨੇ ਕਿਹਾ ਹੈ ਕਿ ਸਿੱਖ ਪੰਥ ਦੀ ਅਸਲੀ ਸੇਵਾ ਮੈਂ ਹੀ ਕਰ ਰਿਹਾ ਹਾਂ. ਜਦਕਿ ਅਕਾਲੀਦਲ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੰਮ ਖਾਣਾ ਪੀਣਾ ਹੈ.

ਸ੍ਰੀ ਭਿੰਡਰਾਂਵਾਲਾ ਨੇ ਆਪਣੇ ਭਾਸ਼ਣ ਵਿਚ ਇਸ ਗਲ ਦੀ ਪ੍ਰਸ਼ੰਸਾ ਕੀਤੀ ਹੈ ਕਿ ਰਾਸ਼ਟਰਪਤੀਦੇਪਿਛਲੇ ਚੋਣਾਂਓ ਵਿਚ ਅਕਾਲੀਦਲ ਨੇ ਗਿਆਨੀ ਜ਼ੈਲ ਸਿੰਘ ਨੂੰ ਆਪਣੀਆਂ ਵੋਟਾਂ ਦਿਤੀਆਂ. ਉਹਨਾਂ ਨੇ ਕਿਹਾ ਕਿ ਗਿਆਨੀਜ਼ੈਲਸਿੰਘ ਇਕ ਪੂਰੇਗੁਰੂ ਸਿੱਖ ਹਨ, ਜਦਕਿ ਦੂਜੇ ਪਾਸੇ ਉਨ੍ਹਾਂ ਨੇ ਸਾਬਕਾ ਮੁਖ ਮੰਤਰੀ ਸ੍ਰੀ ਦਰਬਾਰਾ ਸਿੰਘ ਦੀ ਤੁਲਨਾਂ ਚਕਰੀਆ ਖਾਨ ਨਾਲ ਕੀਤੀ ਹੈ.

ਸੰਤ ਭਿੰਡਰਾਂਵਾਲੇ ਨੇ ਆਪਣੇ ਇਸ ਭਾਸ਼ਣ ਵਿਚ ਇਹ ਵੀ ਦਸਿਆ ਕਿ ਉਹਨਾਂ ਦੇ ਕੋਲ ਲਗਭਗ ਢਾਈ ਮਣ ਸੋਨਾਂ ਇਕੱਠਾ ਹੋ ਚੁਕਾ ਹੈ ਅਤੇ ਉਹ ਇਸ ਸੋਨੇ ਨਾਲ ਨਿਰੰਕਾਰੀ ਪ੍ਰਮੁਖ ਬਾਬਾ ਗੁਰਬਚਨ ਸਿੰਘ ਦੀ ਹਤਿਆ ਦੇ ਸਬੰਧੀ ਲੋਕਾਂ ਨੂੰ ਤੋਲਣਗੇ.

## ਕੈਲਗਰੀ ਵਿਚ ਹਰ ਕਿਸਮ ਦੀ ਕਾਨੂੰਨੀ ਸਲਾਹ ਤੇ ਮਸ਼ਵਰੇ ਲਈ

ਏ. ਵੈਬਸਟਰ ਮੈਕਡਾਨਲਡ
A. Webster Macdonald, Sr.
Barrister And Solicitor

ਨਰਿੰਦਰ ਨਾਥ ਮਲਿਕ
Narinder N. Malik
Barrister, Solicitor & Notary
ਜਾਇਦਾਦ, ਮਾਰਗੇਜ਼, ਐਕਸੀਡੈਂਟ ਕਲੇਮ, ਐਫੀਡੇਵਿਟ, ਤਲਾਕ
ਆਦਿ ਸੇਵਾਵਾਂ ਵੀ

#202, 634 - 6th Ave. S.W.
CALGARY, ALBERTA T2P 0S4

Ph.(403)263-1300

## Member—President's Club
ਦਰਸ਼ਨ ਗਿੱਲ—ਮੈਂਬਰ ਪ੍ਰੈਜੀਡੈਂਟ ਕਲੱਬ

PRESIDENT'S CLUB
Bronze Section
1983 - 1984

- Group Insurance
- Life Insurance
- Mortgage Insurance
- Children's educational Plans
- RRSP
- Family indexed inflation Plans

DARSHAN GILL, M.A.
Life Underwriter
Suite 501, 1155 West Pender Street
Vancouver, B.C. V6E 2P7
Bus: 685-1041 Res: 321-6360

NATIONAL LIFE OF CANADA

ਜੀਵਨ ਬੀਮਾ, ਮਾਰਗੇਜ ਬੀਮਾ, ਬੱਚਿਆਂ ਦੀ ਪੜ੍ਹਾਈ ਸਕੀਮ ਬੀਮਾ, ਰਜਿਸਟਰਡ ਰੀਟਾਇਰਡ ਸੇਵਿੰਗਜ਼ ਪਲੈਨ....ਬਾਰੇ ਪ੍ਰੋਫੈਸ਼ਨਲ ਸਲਾਹ



Bus. 685-1041
Res. 321-6360

# ਪੰਜਾਬ ਪੁਲੀਸ ਦੇ ਸਿਪਾਹੀ ਕੁਲਦੀਪ ਸਿੰਘ ਨੇ ਕੁਝ ਹੋਰ ਪੁਲਸੀਆਂ ਦੇ ਨਾਂਅ ਲਏ

ਚੰਡੀਗੜ੍ਹ — ਅੰਬਾਲਾ ਲਾਗੇ ਹੋਏ ਗੋਲੀ ਕਾਂਡ ਦੇ ਸਬੰਧ ਵਿਚ ਫੜੇ ਗਏ ਪੰਜਾਬ ਪੁਲੀਸ ਦੇ ਸਿਪਾਹੀ ਕੁਲਦੀਪ ਸਿੰਘ ਨੇ ਹਰਿਆਣਾ ਪੁਲੀਸ ਕੋਲ ਇਹ ਸਨਸਨੀਖੇਜ਼ ਭੇਦ ਖੋਲਿਆ ਹੈ ਕਿ ਅਤਿਵਾਦੀਆਂ ਨਾਲ ਸਬੰਧ ਰੱਖਣ ਵਾਲਾ ਉਹ ਇਕਲਾ ਪੁਲਸੀਆ ਨਹੀਂ ਹੋਰ ਵੀ ਬਹੁਤ ਸਾਰੇ ਪੁਲਸੀਏ ਅੱਤਵਾਦੀ ਅੰਸ਼ਾਂ ਨਾਲ ਰਲੇ ਹੋਏ ਹਨ ਅਤੇ ਇਹਨਾਂ ਵਿਚ ਘੱਟੋ ਘਟ ਇਕ ਪੁਲੀਸ ਅਧਿਕਾਰੀ ਸੁਪਰਿਨਟੈਂਡੈਂਟ ਰੈਂਕ ਦਾ ਹੈ।

ਹਰਿਆਣਾ ਦੇ ਸਰਕਾਰੀ ਵਸੀਲਿਆਂ ਨੇ ਸੰਕੇਤ ਦਿਤਾ ਹੈ ਕਿ ਕੁਲਦੀਪ ਸਿੰਘ ਵਲੋਂ ਖੋਲ੍ਹੇ ਗਏ ਭੇਦਾਂ ਦੇ ਆਧਾਰ ਉਤੇ ਪੰਜਾਬ ਦੇ ਪੁਲਸੀਆਂ ਸਮੇਤ ਕਈ ਹੋਰਨਾਂ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਸੰਭਾਵਨਾ ਹੈ।

ਹਰਿਆਣਾ ਪੁਲੀਸ ਨੇ ਪੰਜਾਬ ਅਸੈਂਬਲੀ ਦੇ ਸਾਬਕਾ ਅਕਾਲੀ ਮੈਂਬਰ ਸ੍ਰੀ ਬਚਿੱਤਰ ਸਿੰਘ ਨੂੰ ਰੋਪੜ ਜ਼ਿਲੇ ਦੇ ਪਡਿਆਲਾ ਪਿੰਡ ਵਿਚੋਂ ਗ੍ਰਿਫਤਾਰ ਕਰ ਲਿਆ ਸੀ। ਕੁਲਦੀਪ ਸਿੰਘ ਨੇ ਪੁੱਛ ਗਿੱਛ ਸਮੇਂ ਅੰਬਾਲਾ ਗੋਲੀ ਕਾਂਡ ਦੇ ਦੋਸ਼ੀਆਂ ਵਿਚ ਇਸ ਸਾਬਕਾ ਅਕਾਲੀ ਅਸੈਂਬਲੀ ਮੈਂਬਰ ਦੇ ਪੁੱਤਰ ਦਾ ਨਾਂਅ ਲਿਆ ਸੀ।

ਯਾਦ ਰਹੇ ਕਿ ਇਸ ਗੋਲੀ ਕਾਂਡ ਵਿਚ ਚਾਰ ਕਾਰ ਸਵਾਰ ਅੱਤਵਾਦੀਆਂ ਨੇ ਅੰਬਾਲਾ ਛਾਉਣੀ ਵਿਚ ਉਸ ਸਮੇਂ ਇਕ ਥਾਣੇਦਾਰ ਸ਼ਿਵ ਸਿੰਘ ਤੇ ਕਾਂਸਟੇਬਲ ਸੰਤੋਖ ਸਿੰਘ ਨੂੰ ਗੋਲੀ ਮਾਰ ਕੇ ਮਾਰ ਦਿਤਾ ਸੀ ਜਦੋਂ ਉਹ ਇਹਨਾਂ ਦੀ ਕਾਰ ਨੂੰ ਰੋਕ ਕੇ ਥਾਣੇ ਲਿਜਾ ਰਹੇ ਸਨ।

ਹਰਿਆਣਾ ਪੁਲੀਸ ਦੇ ਇਕ ਵਸੀਲੇ ਅਨੁਸਾਰ ਦੋਸ਼ੀ ਕੁਲਦੀਪ ਸਿੰਘ ਦੀ ਪੁੱਛ ਗਿੱਛ ਤੋਂ ਇਹ ਸ਼ੱਕ ਪੈਦਾ ਹੁੰਦਾ ਹੈ ਕਿ ਐਸ.ਪੀ. ਸਮੇਤ ਕੁਝ ਪੰਜਾਬ ਪੁਲਸਮੈਨ ਅੱਤਵਾਦੀਆਂ ਨਾਲ ਸਬੰਧਤ ਹਨ। ਉਸ ਵਸੀਲੇ ਨੇ ਕਿਹਾ "ਕਿਉਂਕਿ ਇਹ ਮਾਮਲਾ ਬਹੁਤ ਨਾਜ਼ਕ ਹੈ ਇਸ ਲਈ ਅਸੀਂ ਬਹੁਤ ਇਹਤਿਆਤ ਨਾਲ ਚਲ ਰਹੇ ਹਾਂ।"

ਪੰਜਾਬ ਦੇ ਇਕ ਸੀਨੀਅਰ ਪੁਲੀਸ ਅਧਿਕਾਰੀ ਨੇ ਦਸਿਆ ਕਿ ਇਸ ਤੋਂ ਪਹਿਲਾਂ ਵੀ ਕੁਝ ਪੁਲਸਮੈਨਾਂ ਦੇ ਅੱਤਵਾਦੀਆਂ ਨਾਲ ਸਬੰਧਤ ਹੋਣ ਦੀਆਂ ਮਿਸਾਲਾਂ ਸਾਮਣੇ ਆ ਚੁੱਕੀਆਂ ਹਨ। ਪਿਛਲੇ ਇਕ ਸਾਲ ਵਿਚ ਘੱਟੋ ਘਟ ਤਿੰਨ ਹੈਡ ਕਨਸਟੇਬਲ ਭਗੌੜੇ ਹੋ ਚੁੱਕੇ ਹਨ ਅਤੇ ਉਹਨਾਂ ਦੇ ਅੱਤਵਾਦੀ ਸਰਗਰਮੀਆਂ ਵਿਚ ਸ਼ਾਮਲ ਹੋਣ ਦਾ ਪਤਾ ਲੱਗਣ ਪਿਛੋਂ ਉਹਨਾਂ ਨੂੰ ਭਗੌੜੇ ਕਰਾਰ ਦਿਤਾ ਜਾ ਚੁੱਕਾ ਹੈ।

ਕੁਲਦੀਪ ਸਿੰਘ ਨੂੰ ਹਰਿਆਣਾ ਪੁਲਸ ਨੇ ਇਕ ਖੇਤ ਵਿਚੋਂ ਉਸ ਸਮੇਂ ਗ੍ਰਿਫਤਾਰ ਕੀਤਾ ਸੀ ਜਦੋਂ ਉਹ ਪੰਜਾਬ ਦੀ ਸਰਹੱਦ ਦੇ ਕੇਵਲ ਇਕ ਸੌ ਮੀਟਰ ਦੇ ਫਾਸਲੇ ਉਤੇ ਸੀ। ਜੇ ਉਹ ਪੰਜਾਬ ਵਿਚ ਦਾਖਲ ਹੋਣ ਵਿਚ ਸਫਲ ਹੋ ਜਾਂਦਾ ਤਾਂ ਉਹ ਆਸਾਨੀ ਨਾਲ ਇਹ ਬਹਾਨਾ ਪੇਸ਼ ਕਰ ਸਕਦਾ ਸੀ ਕਿ ਉਹ ਤਾਂ ਮੋਗੇ ਤੋਂ ਸੰਮਣਾਂ ਦੀ ਤਾਮੀਲ ਕਰਾਉਣ ਗਿਆ ਸੀ।

ਹਰਿਆਣਾ ਪੁਲੀਸ ਨੇ ਇਹ ਸੰਮਨ ਬਰਾਮਦ ਕਰ ਲਏ ਹਨ ਜਿਹੜੇ ਤਾਮੀਲ ਕਰਾਉਣ ਲਈ ਕੁਲਦੀਪ ਸਿੰਘ ਨੂੰ ਦਿਤੇ ਗਏ ਸਨ। ਹਰਿਆਣਾ ਪੁਲੀਸ ਨੂੰ ਇਹਨਾਂ ਸੰਮਨਾਂ ਤੋਂ ਨਾ ਕੇਵਲ ਕੁਲਦੀਪ ਸਿੰਘ ਦੇ ਨਾਂਅ ਤੇ ਉਸਦੇ ਪੁਲੀਸ ਸਿਪਾਹੀ ਹੋਣ ਦਾ ਹੀ ਪਤਾ ਲੱਗਾ ਸਗੋਂ ਇਹ ਵੀ ਸੂਹ ਮਿਲੀ ਕਿ ਜਿਨ੍ਹਾਂ ਪੁਲਸਮੈਨਾਂ ਨੂੰ ਅੱਤਵਾਦੀਆਂ ਨਾਲ ਵਾਰਦਾਤਾਂ ਲਈ ਭੇਜਿਆ ਜਾਂਦਾ ਹੈ ਉਹਨਾਂ ਲਈ ਕੋਈ ਨਾ ਕੋਈ ਉਹਲਾ ਜਾਂ ਬਹਾਨਾ ਵੀ ਪੈਦਾ ਕੀਤਾ ਜਾਂਦਾ ਹੈ।

ਹਰਿਆਣਾ ਪੁਲਸ ਦਾ ਕਹਿਣਾ ਹੈ ਕਿ ਕੁਲਦੀਪ ਸਿੰਘ ਦੀ ਪਿਛਲੇ ਚਾਰ ਦਿਨਾਂ ਤੋਂ ਡਿਊਟੀ ਉਤੇ ਗੈਰ ਹਾਜ਼ਰੀ ਲਈ ਸੰਮਨਾਂ ਦੀ ਤਾਮੀਲ ਦਾ ਬਹਾਨਾ ਸੁਪਰਿਨਟੈਂਨਡੈਂਟ ਦੇ ਰੈਂਕ ਦੇ ਕਿਸੇ ਇਕ ਪੁਲੀਸ ਅਫਸਰ ਦੇ ਸਾਰੀ ਸਾਜ਼ਸ਼ ਵਿਚ ਸ਼ਾਮਲ ਹੋਏ ਬਿਨਾਂ ਨਹੀਂ ਸੀ ਦਿੱਤਾ ਜਾ ਸਕਦਾ।

ਦਸਿਆ ਜਾਂਦਾ ਹੈ ਕਿ ਕੁਲਦੀਪ ਸਿੰਘ ਨੇ ਹਰਿਆਣਾ ਪੁਲੀਸ ਨੂੰ ਅਜਿਹੇ ਪੁਲੀਸਮੈਨਾਂ ਬਾਰੇ ਕੁਝ ਖਤਰਨਾਕ ਜਾਣਕਾਰੀ ਦਿੱਤੀ ਹੈ। ਕੁਲਦੀਪ ਸਿੰਘ ਦੀ ਪੁੱਛ ਗਿੱਛ ਵਿਚ ਹਰਿਆਣਾ ਪੁਲੀਸ ਦੇ ਨਾਲ ਨਾਲ ਕੇਂਦਰੀ ਖੁਫੀਆ ਪੁਲੀਸ ਦੇ ਅਧਿਕਾਰੀ ਵੀ ਸ਼ਾਮਲ ਹੋ ਗਏ ਹਨ।

ਇਸੇ ਸਮੇਂ ਵਿਚ ਹਰਿਆਣੇ ਦੀ ਇਕ ਪੁਲੀਸ ਪਾਰਟੀ ਪੰਜਾਬ ਦੇ ਸੀਨੀਅਰ ਅਧਿਕਾਰੀਆਂ ਨਾਲ ਮੋਗੇ ਤੇ ਹੋਰ ਥਾਵਾਂ ਨੂੰ ਰਵਾਨਾ ਹੋ ਗਈ ਹੈ ਜਿਥੇ ਉਹ ਸਾਰੇ ਮਾਮਲੇ ਦੀ ਮੌਕੇ ਉਤੇ ਤਫਤੀਸ਼ ਕਰਣਗੇ।

ਏਸੇ ਸਮੇਂ ਵਿਚ ਹਿੰਦੋਸਤਾਨ ਟਾਈਮਜ਼ ਨੇ ਖਬਰ ਦਿਤੀ ਹੈ ਕਿ ਰਾਜਾਂ ਵਿਚ ਅੱਤਵਾਦੀਆਂ ਦੇ ਖੁਫੀਆ ਟਿਕਾਣਿਆਂ ਉਤੇ ਛਾਪੇ ਮਾਰਕੇ ਉਹਨਾਂ ਨੂੰ ਬਾਹਰ ਕੱਢਣ ਵਿਚ ਸਹਾਇਤਾ ਲਈ ਫੌਜ ਨੂੰ ਤਿਆਰ ਰਹਿਣ ਦਾ ਹੁਕਮ ਦਿਤਾ ਗਿਆ ਹੈ। ਅਜੇਹੀ ਕਾਰਵਾਈ ਸਮੇਂ ਪਾਕਿਸਤਾਨ ਨਾਲ ਲਗਦੀ ਸਰਹੱਦ ਦੇ ਸੀਲ ਕਰ ਦਿਤੇ ਜਾਣ ਤੇ ਗੜਬੜ ਵਾਲੇ ਇਲਾਕਿਆਂ ਵਿਚ ਕਰਫੀਊ ਲਾ ਦਿਤੇ ਜਾਣ ਦੀ ਸੰਭਾਵਨਾ ਹੈ।

# ਕੀ ਤੋਂ ਕੀ ਹੋ ਗਿਆ

**ਕੁਲਬੀਰ ਸਿੰਘ ਕਾਹਲੋਂ**

ਮੈਂ ਜਲੰਧਰ ਤੋਂ ਬਸ ਵਿਚ ਅੰਮ੍ਰਿਤਸਰ ਜਾ ਰਿਹਾ ਸੀ, ਬਿਲਕੁਲ ਡਰਾਈਵਰ ਦੇ ਲਾਗਲੀ ਸੀਟ ਤੇ ਬੈਠਾ ਸੜਕ ਉਤੇ ਵੱਡੇ ਵੱਡੇ ਬੋਰਡ ਵੇਖੇ ਜਿਸ ਉਤੇ ਲਿਖਿਆ ਸੀ 'ਗੋਇੰਦਵਾਲ ਸਾਹਿਬ ਸਿੱਖੀ ਦਾ ਧੁਰਾ'।

ਮੈਂ ਆਪਣੇ ਮੰਨ ਨਾਲ ਫੈਸਲਾ ਕਰ ਲਿਆ ਕੇ ਮੈਂ ਵੀ ਅੰਮ੍ਰਿਤਸਰ ਤੋਂ ਵਾਪਸ ਜਲੰਧਰ ਨੂੰ ਆਉਂਦਾ ਹੋਇਆ ਗੋਇੰਦਵਾਲ ਸਾਹਿਬ ਜਰੂਰ ਜਾਣਾ ਹੈ, ਜਾ ਕੇ ਮੈਂ ਸ੍ਰੀ ਗੁਰੂ ਅਮਰਦਾਸ ਜੀ ਦੇ ਪਵਿਤਰ ਸਥਾਨ ਦੇ ਦਰਸ਼ਨ ਕਰਨੇ ਹਨ। ਅੰਮ੍ਰਿਤਸਰ ਜਦੋਂ ਮੈਂ ਸ਼ਹਿਰ ਦੇ ਬਹੁਤ ਵੱਡੇ ਬਾਜਾਰ ਹਾਲ ਵਿਚ ਗਿਆ ਦਿਲ ਬੜਾ ਡਰਿਆ ਡਰਿਆ ਸੀ। ਬਾਜਾਰ ਵਿਚ ਲੋਕ ਬੜੇ ਸਹਿਮੇ ਫਿਰ ਰਹੇ ਸਨ — ਕੋਈ ਹੱਸ ਖੇਡ ਨਹੀਂ ਸੀ ਰਿਹਾ, ਨਾ ਕੋਈ ਦੁਕਾਨ ਖੁਲ੍ਹੀ, ਭੁੱਖ—ਮਰੀ ਦੇ ਮਾਰੇ ਇਕ ਕੁੱਤੇ ਹੀ ਫਿਰ ਰਹੇ ਸਨ। ਉਹ ਵੀ ਇਕ ਦੂਜੇ ਦੇ ਗਲ ਪੈ ਰਹੇ ਸਨ। ਜਾਂ ਫਿਰ ਸੀ.ਆਰ.ਪੀ. ਜਾਂ ਬਾਰਡਰ ਸਿਕਚਰੀ ਫੋਰਸ ਦੇ ਜਵਾਨ ਹੱਥਾਂ ਵਿਚ ਬੰਦੂਕਾਂ ਲਈ ਫਿਰ ਰਹੇ ਸਨ, ਬਹੁਤ ਹੀ ਬੁਰਾ ਹਾਲ ਸਹ ਗੁਰੂ ਰਾਮਦਾਸ ਜੀ ਦੀ ਨਗਰੀ ਦਾ।

ਮੈਂ ਮਲਕਾ ਚੌਕ ਵਿਚ ਉਪੜ ਗਿਆ, ਮੈਨੂੰ ਸ੍ਰ ਸੋਹਣ ਸਿੰਘ ਜੋਸ਼ ਦੀ ਯਾਦ ਆ ਗਈ, ਜਦੋਂ ਜਲਿਆਂ ਵਾਲੇ ਬਾਗ ਵਿਚ ਗੋਲੀ ਚੱਲੀ ਸੀ, ਉਦੋਂ ਜੋਸ਼ ਜੀ ਏਸੇ ਚੌਕ ਵਿਚ ਖੜੇ ਸਨ, ਜਦੋਂ ਉਹਨਾਂ ਦੇ ਕੰਨਾਂ ਵਿਚ ਗੋਲੀ ਚੱਲਣ ਦੀ ਆਵਾਂਜ਼ ਪਈ ਤਾਂ ਜੋਸ਼ ਜੀ ਜਲ੍ਹਿਆਂਵਾਲੇ ਬਾਗ ਨੂੰ ਭੱਜ ਤੁਰੇ, ਫਿਰ ਮੈਂ ਜਲ੍ਹਿਆਂ ਵਾਲੇ ਬਾਗ ਕੋਲ ਚਲਿਆ ਗਿਆ, ਭਾਗ ਮਲ ਭਾਟੀਏ ਜੀ ਦੀ ਯਾਦ ਆ ਗਈ, ਜਦੋਂ ਡਾਇਰ ਗੋਲੀ ਚਲਾ ਕੇ ਹਟ ਗਿਆ ਤਾਂ ਹੁਕਮ ਹੋਇਆ ਕਿ ਜਲ੍ਹਿਆਂ ਵਾਲੇ ਬਾਗ ਵਿਚ ਜਾ ਕੇ ਲਾਸ਼ਾ ਪਛਾਣ ਕੇ ਲੈ ਆਵੋ — ਭਾਗ ਮਲ ਭਾਟੀਆ ਜੀ ਦੀ ਘਰ ਵਾਲੀ ਬਾਗ ਵਿਚ ਗਈ, ਉਹ ਆਪਣੇ ਪਤੀ ਦੀ ਲੋਥ ਕੋਲ ਪੁੱਜ ਗਈ — ਇਕ ਦਸ ਬਾਰਾਂ ਸਾਲ ਦੇ ਬੱਚੇ ਦੇ ਮੂੰਹ ਉਤੇ ਭਾਟੀਆ ਜੀ ਦੀ ਲੱਤ ਪਈ ਹੋਈ ਸੀ — ਪਤੀ ਭੁੱਲ ਗਿਆ ਬੱਚੇ ਨੂੰ ਚੁੱਕ ਲਿਆ — ਖੂਬ ਰੋਈ ਕੁਰਲਾਈ — ਬੱਚੇ ਦੀ ਲਾਸ਼ ਨੂੰ, ਉਸਦੇ ਮੂੰਹ ਨੂੰ ਚੁੰਮਿਆ ਚੱਟਿਆ, ਤੇ ਫਿਰ ਧਰਤੀ ਮਾਂ ਤੇ ਲਿਟਾ ਦਿਤਾ।

ਮੈਂ ਦਰਬਾਰ ਸਾਹਿਬ ਪਹੁੰਚ ਗਿਆ, ਹਾਲੇ ਮੈਂ ਬਾਹਰ ਹੀ ਸੀ, ਗਹਿਲ ਸਿੰਘ, ਛੱਜਲ ਵੱਢੀ ਦੀ ਯਾਦ ਆ ਗਈ ਜਿਸਨੂੰ ਫਿਰਕੂ ਜਨੂੰਨੀਆਂ ਨੇ ਜੀਪ ਥੱਲੇ ਦੇ ਕੇ ਮਾਰ ਦਿਤਾ ਸੀ ਤੇ ਫੇਰ ਉਸੇ ਜੀਪ ਵਿਚ ਪਾਕੇ ਇਥੇ ਲੈ ਆਏਤੇ ਏਥੇ ਹੀ--------

ਮੈਂ ਇਸ਼ਨਾਨ ਕੀਤਾ , ਪ੍ਰਕਰਮਾਂ ਕੀਤੀਆਂ, ਦੁੱਖ ਭੰਜਣੀ ਬੇਰੀ ਕੋਲ ਬੈਠ ਗਿਆ, ਬੀਬੀ ਰਜਨੀ ਤੇ ਪਿੰਗਲੇ ਦੀ ਕਹਾਣੀ ਯਾਦ ਆ ਗਈ। ਅਕਾਲ ਤਖਤ ਵਲ ਧਿਆਨ ਗਿਆ, ਸ਼ੇਰੇ ਪੰਜਾਬ ਰਣਜੀਤ ਸਿੰਘ ਦੀ ਯਾਦ ਆ ਗਈ, ਉਸ ਨੂੰ ਕੋਰੜੇ ਪਏ ਸਨ। ਹਰੀਮੰਦਰ ਅੰਦਰ ਦਾਖਲ ਹੋ ਗਿਆ ਤੇ ਮੱਸੇ ਰੰਘੜ ਦੀ ਯਾਦ ਆ ਗਈ ਜਿਹੜਾ ਹਰਿਮੰਦਰ ਦੇ ਅੰਦਰ ਵੱਡਾ ਸਾਰਾ ਪਲੰਘ ਡਾਹ ਕੇ ਬੈਠਾ ਕੰਜਰੀਆਂ ਨਚਾ ਰਿਹਾ ਸੀ, ਸ਼ਰਾਬਾਂ ਪੀਤੀਆਂ ਜਾ ਰਹੀਆਂ ਸਨ — ਚਾਰ ਚੁਫੇਰੇ ਪਹਿਰੇ ਸਨ ਤੋਪਾਂ ਅਤੇ ਬੰਦੂਕਾਂ ਦੇ — ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਮੱਸੇ ਦਾ ਕਾਲ ਬਣ ਕੇ ਆ ਗਏ।

ਮਨ ਤੇ ਕਈ ਤਰਾਂ ਦੇ ਉਤਰਾ ਚੜ੍ਹਾ, ਕਈਆਂ ਦੀਆਂ ਯਾਦਾਂ, ਨਾਮਧਾਰੀ ਲਹਿਰ, ਸੈਫੂਦੀਨ ਕਿਚਲੂ, ਸ਼ਹੀਦ ਊਧਮ ਸਿੰਘ (ਜਿਸ ਨੇ ਆਪਣਾ ਨਾਮ ਰਾਮ ਮੁਹੰਮਦ ਸਿੰਘ ਆਜ਼ਾਦ ਰਖਿਆ ਸੀ) ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਸ ਨੇ ਪੰਜ ਪਿਆਰਿਆਂ ਦੀ ਸਿਰਜਣਾਂ ਕੀਤੀ — ਪੰਜੇ ਵਖ ਵਖ ਜ਼ਾਤਾਂ ਇਲਾਕਿਆਂ ਦੇ,ਫਿਰ ਉਹਨਾਂ ਕੋਲੋਂ ਆਪ ਅੰਮ੍ਰਿਤ ਛਕਿਆ।

ਸ੍ਰੀ ਹਜ਼ੂਰ ਸਾਹਿਬ ਦੀ ਯਾਦ ਆ ਗਈ, ਉਥੇ ਇਕ ਸੰਸਕਾਰ ਘਾਟ ਗੁਰਦੁਆਰਾ ਹੈ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੂਲੇ ਖਤਰੀ ਦਾ ਕਲਿਆਨ ਕੀਤਾ ਸੀ। ਇਕ ਹੋਰ ਮਹਾਰਾਸ਼ਟਰ ਵਿਚ ਗੁਰਦੁਆਰਾ ਮਨਮਾੜ ਵਿਚ ਗੁਪਤਸਰ ਹੈ ਉਹ ਗੁਰਦੁਆਰਾ ਦਸਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪੂਨੇ ਸਿਤਾਰੇ ਦੇ ਕਿਲੇ ਵਿਚ ਰੁਤਮ ਰਾਓ ਤੇ ਭੀਮ ਰਾਓ ਨੇ ਯਾਦ ਕੀਤਾ ਸੀ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੋਹਾਂ ਨੂੰ ਕਿਲੇ ਵਿਚੋਂ ਆਪਣੇ ਘੋੜੇ ਦੀਆਂ ਰਕਾਬਾਂ ਫੜਾ ਕੇ ਕਿਲੇ ਤੋਂ ਬਾਹਰ ਲੈ ਆਂਦਾ ਸੀ।

ਫਿਰ ਮੈਂ ਬੱਸ ਫੜੀ ਅਤੇ ਗੋਇੰਦਵਾਲ ਸਾਹਿਬ ਆ ਗਿਆ। ਬੌਲੀ ਸਾਹਿਬ ਵਿਚ ਇਸ਼ਨਾਲ ਕੀਤਾ — ਮੇਰੀ ਨਜ਼ਰ ਇਕ ਚਿਤਰ ਤੇ ਜਾ ਪਈ ਜਿਹੜਾ ਇਹ ਦਸ ਰਿਹਾ ਸੀ ਕਿ ਸ੍ਰੀ ਗੁਰੂ ਅਮਰਦਾਸ ਜੀ ਇਕ ਕੋਹੜੀ ਦਾ ਇਸ਼ਨਾਨ ਕਰਾ ਕੇ ਕੋਹੜ ਦੂਰ ਕਰ ਰਹੇ ਸਨ। ਸਾਰੇ ਦਰਸ਼ਣ ਮੇਲੇ ਕਰਕੇ ਮੈਂ ਲੰਗਰ ਵਿਚ ਚਲਾ ਗਿਆ, ਹਿੰਦੂ ਸਿੱਖ ਈਸਾਈ ਹਰੀਜਨ ਸਭ ਇਕ ਪੰਗਤ ਵਿਚ ਲੰਗਰ ਛੱਕ ਰਹੇ ਸਨ। ਕੋਈ ਕਿਸੇ ਨਾਲ ਈਰਖਾ ਨਹੀ ਤੇ ਕੋਈ ਮਤਭੇਦ ਨਹੀਂ।

ਸਭ ਕੁਝ ਦੇਖ ਕੇ ਮਨ ਗਦ ਗਦ ਹੋ ਗਿਆ ਸੀ ਪਰ ਹਰਿਮੰਦਰ ਸਾਹਿਬ ਤੇ ਗੋਇੰਦਵਾਲ ਸਾਹਿਬ ਵੀ ਮੈਂ ਦੇਖਿਆ ਕਿ ਕੁਝ ਬੰਦੇ ਖਾਲਸਾਈ ਬਾਣੇ ਵਿਚ ਸ਼ਸ਼ਤਰਧਾਰੀ ਸਾਨੂੰ ਥਲਿਓਂ ਉਪਰ ਤਕ ਦੇਖ ਰਹੇ ਸਨ, ਘੂਰੀ ਵੱਟੀ — ਦਹਿਲ ਜਿਹਾ ਪੈ ਗਿਆ ਕਿ ਕਿਤੇ ਉਹੀ ਗਲ ਨਾ ਹੋਵੇ, ਸਿਰ ਤੇ ਰੁਮਾਲ ਤਾਂ ਹੈ, ਪਰ ਹੈ ਤਾਂ ਘੋਨ ਮੋਨ, ਕਿਤੇ ਇਹਨਾਂ ਦੇ ਮਨ ਵਿਚ ਕੁਝ ਹੋਰ ਆ ਵੜਿਆ ਤਾਂ ਬਸ ਇਥੇ ਹੀ ਰਹਿ ਜਾਊਂ, ਅਜੀਬ ਦੁਬਧਾ, ਇਕ ਪਾਸੇ ਗਦ ਗਦ ਦੂਏ ਪਾਸੇ ਡਰ ਸਹਿਮ — ਇਹ ਗੁਰੂ ਘਰਾਂ ਵਿਚ ਅੱਗੇ ਤਾਂ ਨਹੀਂ ਸੀ।

ਇਹ ਵੀ ਸੂਚਨਾ ਹੈ ਕਿ ਪ੍ਰਧਾਨ ਮੰਤਰੀ ਦੇ ਵਿਸ਼ੇਸ਼ ਦੂਤਾਂ ਨੇ ਅਕਾਲੀ ਆਗੂਆਂ ਨਾਲ ਸੰਪਰਕ ਕਾਇਮ ਕਾਇਮ ਕੀਤਾ ਹੋਇਆ ਹੈ ਤਾਂ ਜੋ ਕੋਈ ਹੱਲ ਲਭਿਆ ਜਾ ਸਕੇ।

ਇਹ ਵੀ ਖਬਰ ਹੈ ਕਿ ਪ੍ਰਧਾਨ ਮੰਤਰੀ ਨੇ ਸੀਨੀਅਰ ਅਧਿਕਾਰੀਆਂ ਨੂੰ ਇਹ ਵੀ ਕਿਹਾ ਹੈ ਕਿ ਅੱਤਵਾਦੀਆਂ ਵਿਰੁਧ ਕਾਰਵਾਈਆਂ ਤੇਜ਼ ਕਰਦਿਆਂ ਦਰਬਾਰ ਸਾਹਿਬ ਵਿਚ ਦਾਖਲ ਨਾ ਹੋਣ ਦੇ ਸਰਕਾਰ ਦੇ ਇਕਰਾਰ ਨੂੰ ਕਿਸੇ ਤਰਾਂ ਵੀ ਨਾ ਤੋੜਿਆ ਜਾਏ।

# ਗੁਰੂ ਨੇ ਤਲਵਾਰ ਜ਼ੁਲਮ ਲਈ ਨਹੀਂ ਦਿੱਤੀ — ਸੇਖਵਾਂ

ਅੰਮ੍ਰਿਤਸਰ — "ਗੁਰੂ ਸਾਹਿਬਾਨ ਨੇ ਸਿੱਖ ਕੌਮ ਮਜ਼ਲੂਮਾਂ ਦੀ ਰਾਖੀ ਵਾਸਤੇ ਕਾਇਮ ਕੀਤੀ ਸੀ। ਸਿੱਖਾਂ ਨੂੰ ਗੁਰੂ ਸਾਹਿਬਾਨ ਨੇ ਤਲਵਾਰ ਗਰੀਬਾਂ ਮਜ਼ਲੂਮਾਂ ਦੀ ਰੱਖਿਆ ਲਈ ਦਿਤੀ ਸੀ ਨਾ ਕਿ ਜ਼ੁਲਮ ਕਰਣ ਲਈ"। ਇਹ ਗਲ ਉਚ ਅਕਾਲੀ ਆਗੂ ਸ੍ਰ ਉਜਾਗਰ ਸਿੰਘ ਸੇਖਵਾਂ ਨੇ ਮੰਜੀ ਸਾਹਿਬ ਵਿਚ ਇਕ ਭਾਸ਼ਣ ਵਿਚ ਕਹੀ।

ਉਹਨਾਂ ਕਿਹਾ ਕਿ ਅਕਾਲੀ ਦਲ ਹਮੇਸ਼ਾ ਹਿੰਦੂ ਸਿੱਖ ਮੁਸਲਮਾਨ ਅਤੇ ਇਸਈ ਏਕਤਾ ਦਾ ਮੁਦੱਈ ਰਿਹਾ ਹੈ ਅਤੇ ਅੱਗੋਂ ਵੀ ਰਹੇਗਾ।

ਉਹਨਾ ਕਿਹਾ ਕਿ ਦਲ ਹਿੰਦੂਆਂ ਜਾਂ ਕਿਸੇ ਹੋਰ ਵਿਸ਼ੇਸ਼ ਫਿਰਕੇ ਵਿਰੁਧ ਨਫਰਤ ਦਾ ਪ੍ਰਚਾਰ ਕਰਣ ਦੀ ਸਖਤ ਨਿੰਦਾ ਕਰਦਾ ਹੈ। ਉਹਨਾ ਵਰਕਰਾਂ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਉਹ ਹਮੇਸ਼ਾ ਹਿੰਦੂ ਸਿੱਖ ਏਕਤਾ ਲਈ ਕੰਮ ਕਰਣ ਤਾਂ ਜੋ ਸਮੁੱਚੇ ਪੰਜਾਬੀਆਂ ਵਿਚ ਭਰਾਤਰੀ ਭਾਵ ਪੈਦਾ ਕੀਤਾ ਜਾ ਸਕੇ।

# ਕੇਵਲ ਤਲਵੰਡੀ ਧੜੇ ਨੇ ਵਾਕ ਆਊਟ ਕੀਤਾ

## ਦਲ ਦਾ ਦਾਅਵਾ

ਅੰਮ੍ਰਿਤਸਰ — ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਦਫਤਰ ਵਲੋਂ ਜਾਰੀ ਕੀਤੇ ਗਏ ਇਕ ਪ੍ਰੈਸ ਨੋਟ ਵਿਚ ਇਹਨਾਂ ਖਬਰਾਂ ਦਾ ਖੰਡਨ ਕੀਤਾ ਗਿਆ ਹੈ ਕਿ ਦਲ ਵਿਚ ਫੁੱਟ ਪੈ ਗਈ ਹੈ।

ਪ੍ਰੈਸ ਨੋਟ ਵਿਚ ਦਸਿਆ ਗਿਆ ਹੈ ਕਿ ਮੀਟਿੰਗ ਵਿਚ 28 ਐਮ.ਐਲ.ਏਜ਼ (ਚਾਰ ਐਮ.ਐਲ.ਏ. ਸ੍ਰ ਪ੍ਰਕਾਸ਼ ਸਿੰਘ 'ਬਾਦਲ', ਸੁਰਜੀਤ ਸਿੰਘ 'ਬਰਨਾਲਾ', ਸੁਖਜਿੰਦਰ ਸਿੰਘ, ਅਤੇ ਸ੍ਰ ਦਲੀਪ ਸਿੰਘ ਜੀ 'ਪਾਂਧੀ' ਜੇਲ੍ਹਾਂ ਵਿਚ ਹਨ) 15 ਜ਼ਿਲਾ ਜਥੇਦਾਰ, 112 ਸ਼੍ਰੋ:ਗ: ਪ੍ਰਬੰਧਕ ਕਮੇਟੀ ਦੇ ਮੈਂਬਰ , 197 ਸਰਕਲ ਜਥੇਦਾਰ, ਤਿੰਨ ਸਟੇਟ ਅਕਾਲੀ ਦਲ ਪ੍ਰਧਾਨ (ਹਰਿਆਣਾ, ਰਾਜਿਸਥਾਨ ਅਤੇ ਚੰਡੀਗੜ੍ਹ), ਕਿਸਾਨ ਵਿੰਗ, ਇਸਤਰੀ ਅਕਾਲੀ ਦਲ , ਹਰੀਜਨ ਵਿੰਗ ਅਤੇ ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਬੁੱਧੀਜੀਵੀ ਕੌਂਸਲ ਦੇ ਪ੍ਰਤੀਨਿਧ ਹਾਜ਼ਰ ਸਨ।

ਪ੍ਰੈਸ ਨੋਟ ਅਨੁਸਾਰ ਮੀਟਿੰਗ ਵਿਚ ਸਵਾਏ 'ਤਲਵੰਡੀ ਧੜੇ' ਦੇ ਹੋਰ ਕਿਸੇ ਨੇ ਵਾਕ ਆਊਟ ਨਹੀਂ ਕੀਤਾ।

ਇਸੇ ਸਮੇਂ ਸ਼੍ਰੋ:ਗ:ਪ੍ਰ:ਕਮੇਟੀ ਦੇ ਐਗਜੈਕਟਿਵ ਮੈਂਬਰ ਜਥੇਦਾਰ ਦਲੀਪ ਸਿੰਘ 'ਮਲ੍ਹ ਨੰਗਲ' ਅਤੇ ਜਥੇਦਾਰ ਮਹਿਣ ਸਿੰਘ ਮੈਂਬਰ ਸ਼੍ਰੋ:ਗ:ਪ੍ਰ: ਕਮੇਟੀ ਨੇ ਕੁਝ ਅਖਬਾਰਾਂ ਵਿਚ ਪ੍ਰਕਾਸ਼ਤ ਇਹਨਾਂ ਖਬਰਾਂ ਦਾ ਖੰਡਨ ਕੀਤਾ ਹੈ ਕਿ ਉਹ ਵੀ ਕਲ੍ਹ ਅਕਾਲੀ ਦਲ ਦੀ ਇਕਤਰਤਾ ਵਿਚੋਂ ਵਾਕਆਊਟ ਕਰਨ ਵਾਲੇ ਲੋਕਾਂ ਵਿਚ ਸ਼ਾਮਲ ਸਨ।

ਦੋਹਾਂ ਜਥੇਦਾਰਾਂ ਨੇ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਵਫਾਦਾਰ ਸਿਪਾਹੀ ਹਨ ਤੇ ਉਹਨਾਂ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਤੇ ਪੂਰਨ ਭਰੋਸਾ ਹੈ।

ਦੋਹਾਂ ਜਥੇਦਾਰਾਂ ਨੇ ਵਾਕਆਊਟ ਕਰਨ ਵਾਲੇ ਵਿਅਕਤੀਆਂ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਕਿ ਅਜੇਹੇ ਲੋਕ, ਸਿਖਰ ਤੇ ਪੁੱਜੇ 'ਧਰਮ ਯੁਧ' ਮੋਰਚੇ ਨੂੰ ਤਾਰਪੀਡੋ ਕਰਨ ਲਈ ਸਰਕਾਰ ਦੇ ਹੱਥਾਂ ਵਿਚ ਖੇਡ ਰਹੇ ਹਨ।

## ਸਭ ਤੋਂ ਲੰਬੀ ਦਾੜ੍ਹੀ

ਦੁਨੀਆਂ ਵਿਚ ਸਭ ਤੋਂ ਲੰਬੀ ਦਾੜ੍ਹੀ ਸਕੰਡੇਨੇਵੀਆ ਦੇ ਇਕ ਵਿਅਕਤੀ ਹੈਲੇਨ ਲੈਂਗਥ ਦੀ ਸੀ ।ਜਦੋ ਅਮਰੀਕਾ ਵਿਚ ਉਸ ਦਾ ਦੇਹਾਂਤ ਹੋਇਆ ਤਾਂ ਉਸ ਦੀ ਦਾੜ੍ਹੀ ਦੀ ਲੰਬਾਈ ਸਾਢੇ ਸਤਾਰਾਂ ਫੁੱਟ ਸੀ । ਇਸ ਨੂੰ ਉਹ ਗੁਲੂਬੰਦ ਵਾਂਗ ਲਪੇਟੀ ਰਖਦਾ ਸੀ । ਇਹ ਦਾੜ੍ਹੀ ਵਾਸ਼ਿੰਗਟਨ ਦੇ ਇਕ ਅਜਾਇਬ-ਘਰ ਵਿਚ ਸੰਭਾਲ ਕੇ ਰਖੀ ਹੋਈ ਹੈ ।

## ਟੀ-72 ਟੈਂਕ ਡੇਢ ਦੋ ਸਾਲ ਤਕ

ਨਵੀਂ ਦਿੱਲੀ, — (ਯੂ. ਐਨ. ਆਈ.) ਭਾਰਤ ਵਿਚ ਤਿਆਰ ਹੋਇਆ ਪਹਿਲਾ ਟੀ-72 ਟੈਂਕ ਫੈਕਟਰੀ ਵਿਚੋਂ 18 ਤੋ 24 ਮਹੀਨਿਆਂ ਵਿਚ ਬਣ ਕੇ ਨਿਕਲ ਆਏਗਾ. ਉਹਨਾਂ ਮੈਂਬਰਾਂ ਨੂੰ ਇਹ ਵੀ ਯਕੀਨ ਦੁਆਇਆ ਸਵੇਸ਼ੀ ਮੇਨ ਬੇਟਲ ਟੈਂਕ ਦੀ ਤਿਆਰੀ ਵਿਚ ਦੇਰ ਦੀ ਆਗਿਆ ਨਹੀਂ ਦਿੱਤੀ ਜਾਏਗੀ


## ਤੁਹਾਨੂੰ ਕੰਮ ਚਾਹੀਦਾ ਹੈ ?

ਸਾਨੂੰ ਕਾਮਿਆਂ ਦੀ ਲੋੜ ਹੈ । ਸਾਡੇ ਪਾਸ ਸਟਰਾ ਬੇਰੀ, ਰੈਸਪ ਬੇਰੀ, ਬਲੂ ਬੇਰੀ, ਕਰੈਨ ਬੇਰੀ ਤੇ ਸਬਜ਼ੀਆਂ ਦਾ ਕੰਮ ਮਾਰਚ ਤੋਂ ਲੈ ਕੇ ਦਸੰਬਰ ਤੱਕ ਹੁੰਦਾ ਹੈ । ਪਹਿਲਾਂ ਅਰਜ਼ੀ ਦੇਣ ਵਾਲੇ ਨੂੰ ਪਹਿਲਾਂ ਕੰਮ ਤੇ ਬੁਲਾਇਆ ਜਾਏਗਾ । ਥੋੜੇ ਕੰਮ ਦੇ ਸਮੇਂ ਟੱਬਰਾਂ ਦੇ ਜੀਆਂ ਨੂੰ ਤਨਾਸਬ ਨਾਲ ਕੰਮ ਕੀਤਾ ਦਿਤਾ ਜਾਵੇਗਾ । ਜਿੰਨ੍ਹਾਂ ਨੂੰ 20 ਵੀਕਾਂ ਦੀ ਲੋੜ ਹੈ ਉਨ੍ਹਾਂ ਨੂੰ ਵੀਕਾਂ ਪੂਰੀਆਂ ਕਰਨ ਲਈ ਜਲਦੀ ਤੋਂ ਜਲਦੀ ਅਰਜ਼ੀ ਦੇ ਦੇਣੀ ਚਾਹੀਦੀ ਹੈ ।

ਅਰਜ਼ੀ ਦੇਣ ਦਾ ਪਤਾ ਹੈ :

**KARAM SINGH**
**2952 BURNS ROAD**
**PORT COQUITLAM, B.C. V3C 3V4**
**Ph. 941-8404**

### ਅਰਜ਼ੀ

ਨਾਮ : ਫੈਮਲੀ .......... ਪਹਿਲਾ ਨਾਮ ....................

ਪਤਾ : ਮਕਾਨ ਨੰ: .......... ਸਟਰੀਟ .............. ਸ਼ਹਿਰ ਜਾਂ ਟਾਊਨ ..............

ਫੂਨ ਨੰ: .............. ਕੰਮ ਕਰਨ ਵਾਲੇ ਜੀ ....................

ਛੁਟੀਆਂ ਵਿਚ ਕੰਮ ਕਰਨ ਵਾਲੇ ਬੱਚੇ ....................

ਕਿੰਨੀਆਂ ਵੀਕਾਂ ਦੀ ਲੋੜ ਹੈ ....................

ਪਹਿਲਾਂ ਕਿਥੇ ਕੰਮ ਕਰਦੇ ਸੀ ਕੰਪਨੀ ਦਾ ਨਾਂ ....................

ਪਤਾ ....................

ਅਰਜ਼ੀ ਦੇਣ ਵਾਲੇ ਦੇ ਦਸਤਖਤ ..........................

## ਕਰਤਾਰ ਫੋਟੋ ਸਟੂਡੀਓ

**1 HOUR PHOTO SERVICE**
**KARTAR PHOTO STUDIO**
**6660 MAIN STREET, (at 51st Ave.)**
**VANCOUVER, B.C.**



**We Do Passport, 5 Mins. Service, Portrait Photos & Weddings**

**Ph. 321-7020**

# AMBIKA FOODS

## 5125 Victoria Drive
## Vancouver, B.C. Canada

**PHONE: 327—0295**

## LONG WEEKEND SALE

| | | |
|---|---|---|
| ਰੋਟੀ ਆਟਾ<br>Roti Atta<br>4.49 10 kg. | ਲੌਂਗ ਗਰੇਨ ਚਾਵਲ<br>Long Grain Rice<br>10.99 20 kg. | ਬਟਰ ਲੂਣ ਵਾਲਾ<br>Butter Salted<br>2.29 lb |
| ਪਚਰੰਗਾ ਆਚਾਰ<br>Pachranga Achar<br>1.49 Tin | ਮੱਕੀ ਦਾ ਤੇਲ<br>Corn Oil<br>24.99 Pail | ਮੱਕੀ ਦਾ ਆਟਾ<br>Corn Flour<br>6.89 10 kg. |
| ਖੰਡ<br>Sugar<br>5.99<br>With This News Paper | We Reserve the Right to Limit Quantity Until Last. | |

**BEST PRICE IN TOWN**

# ਫ਼ਿਲਮ ਦਰਪਣ

## ਪਦਮਨੀ ਕੋਹਲਾਪੁਰੀ

ਕਦੇ ਵਕਤ ਹੁੰਦਾ ਸੀ ਕਿ ਹਾਲੀ ਸਤਾਰਾਂ ਉਤੇ ਪੁਜੀ ਪਦਮਨੀ ਕੋਹਲਾਪੁਰੀ ਬਾਰੇ ਅਜਿਹੀਆਂ ਅਵਾਈਆਂ ਉਡ ਰਹੀਆਂ ਸਨ ਜਿਹੋ ਜਿਹੀਆਂ ਤੀਹਵਿਆਂ 'ਚ ਜ਼ੀਨਤ ਬਾਰੇ ਉਡੀਆਂ ਜਦੋਂ ਉਹ ਤੀਹਵਿਆਂ ਉਤੇ ਪੁਜੀ ਸੀ। ਉਦੋਂ ਕੋਹਲਾਪੁਰੀ ਦਾ ਇਹ ਹਾਲ ਹੁੰਦਾ ਸੀ ਕਿ ਕਦੇ ਉਹਨੂੰ ਗੰਜੇ ਨਾਸਰ ਹੁਸੈਨ ਨਾਲ, ਕਦੇ ਅਧਖੜ ਸਾਵਨ ਕੁਮਾਰ ਟਾਂਕ ਨਾਲ, ਕਦੇ ਠਰਕੀ ਵਿਨੋਦ ਮਹਿਰਾ ਨਾਲ ਅਤੇ ਕਦੇ ਆਪੋ ਵਿਚ ਰਕੀਬ ਨਵੇਂ ਕੁਨਾਲ ਅਤੇ ਚਿੰਪੂ ਕਪੂਰ ਨਾਲ ਜੋੜਿਆ ਜਾਂਦਾ ਸੀ। ਫਿਲਮੀ ਢੰਡੋਰਚੀਆਂ ਵਲੋਂ ਆਮ ਉਡਾਇਆ ਜਾਂਦਾ ਸੀ ਕਿ ਪਦਮਨੀ ਝਟ ਲਭ ਜਾਂਦੀ ਹੈ ਅਤੇ ਰੋਲ ਲਈ ਕੁਝ ਵੀ ਕਰਨ ਲਈ ਤਿਆਰ ਰਹਿੰਦੀ ਹੈ।

ਪਰ ਕਈਆਂ ਨੇ ਪਦਮਨੀ ਨੂੰ ਆਪਣੇ ਇਸ ਚਰਿਤਰਹੀਨ ਅਵਾਈਆਂ ਉਤੇ ਕਈ ਕਈ ਵੇਰ ਹੰਝੂ ਵਹਾਂਦਿਆਂ ਵੇਖਿਆ ਸੀ ਅਤੇ ਉਸ ਨੂੰ ਏਸ ਗਲ ਦਾ ਡਰ ਲਗਾ ਰਹਿੰਦਾ ਸੀ ਕਿ ਇਹ ਅਫਵਾਹਾਂ ਉਸ ਦੇ ਮਾਪਿਆਂ ਤਕ ਨਾ ਪੁਜਣ। ਆਪਣੀ ਛੋਟੀ ਭੈਣ ਸ਼ਿਵਾਂਗੀ ਨਾਲ ਮਿਲਕੇ ਉਹ ਉਨ੍ਹਾਂ ਅਖਬਾਰਾਂ ਤੇ ਰਸਾਲਿਆਂ ਨੂੰ ਆਪਣੇ ਘਰ ਵਿਚ ਲੁਕਾਉਂਦੀ ਫਿਰਦੀ ਜਿਨ੍ਹਾਂ ਵਿਚ ਉਸਦੇ ਰੋਮਾਂਸ ਦੀਆਂ ਅਵਾਈਆਂ ਛਪੀਆਂ ਹੋਣ। ਜੇ ਕੋਈ ਇਹ ਗੱਲਾਂ ਉਸਦੇ ਮੂੰਹ ਤੇ ਕਰਦਾ ਤਾਂ ਉਹ ਬਹੁਤ ਘਬਰਾ ਜਾਂਦੀ ਤੇ ਕਹਿੰਦੀ 'ਮੈਂ ਇਹੋ ਜਿਹੀ ਕੁੜੀ ਨਹੀਂ", ਪਰ ਕੋਈ ਉਸਦੀ ਇਸ ਗਲ ਉਤੇ ਇਤਬਾਰ ਨਾ ਕਰਦਾ, ਸਗੋਂ ਲੋਕ ਕਹਿੰਦੇ 'ਅਗ ਬਗੈਰ ਧੂੰਆਂ ਕਦੇ ਨਹੀਂ ਉਠਦਾ।' ਉਸ ਨੇ ਕੱਲ ਧੜ ਇਸ ਸਭ ਕਾਸੇ ਵਿਰੁਧ ਲੜਨ ਦੀ ਕੋਸ਼ਸ਼ ਕੀਤੀ ਪਰ ਇਕ ਤਰ੍ਹਾਂ ਨਾਲ ਉਹ ਹਾਰ ਗਈ ਤੇ ਦੂਜੀ ਤਰ੍ਹਾਂ ਉਹ ਜਿਤ ਗਈ। ਜਿਵੇਂ ਇਸ ਤਰ੍ਹਾਂ ਕਿ ਉਸਨੇ ਇਹਨਾਂ ਅਫਵਾਹਾਂ ਨੂੰ ਟਿਚ ਸਮੱਝਣਾ ਸ਼ੁਰੂ ਕਰ ਦਿਤਾ। ਫਿਰ ਵੀ ਉਸ ਦੇ ਮਾਪੇ ਉਸ ਬਾਰੇ ਫੈਲੀਆਂ ਇਨ੍ਹਾਂ ਅਫਵਾਹਾਂ ਤੋਂ ਕਾਫੀ ਦੁਖੀ ਹਨ। ਉਸ ਦੇ ਪਿਤਾ ਦਾ ਕਹਿਣਾ ਹੈ, 'ਹਾਲੀ ਉਹ ਬੱਚੀ ਹੈ ਅਤੇ ਉਸ ਨੂੰ ਕੋਈ ਸੋਝੀ ਨਹੀਂ ਕਿ ਇਹਨਾਂ ਸਕੈਂਡਲਾਂ ਦਾ ਮੁਕਾਬਲਾ ਉਸ ਨੇ ਕਿਵੇਂ ਕਰਨਾ ਹੈ।'

ਪਰ ਕੁਝ ਚਿਰ ਤੋਂ ਪਦਮਨੀ ਕਾਫੀ ਬਦਲ ਗਈ ਹੈ। ਉਹ ਹੁਣ ਨੌਜਵਾਨਾਂ ਤੋਂ ਕਾਫੀ ਵਿਥ ਉਤੇ ਰਹਿੰਦੀ ਹੈ। ਇਕ ਪਤਰ ਪ੍ਰੇਰਕ ਨਾਲ ਗਲਬਾਤ ਕਰਦਿਆਂ ਉਸ ਆਖਿਆ, 'ਮੈਂ ਬਦਲੀ ਨਹੀਂ, ਮੈਂ ਕੁਝ ਵਡੀ ਜ਼ਰੂਰ ਹੋ ਗਈ ਹਾਂ। ਜਦ ਤੁਸੀਂ ਫਿਲਮੀ ਦੁਨੀਆਂ ਵਿਚ ਹੋਵੋ ਤਾਂ ਤੁਸੀਂ ਆਪਣੀਆਂ ਹਾਨਣ ਸਹੇਲੀਆਂ ਨਾਲੋਂ ਕੁਝ ਛੇਤੀ ਪ੍ਰੌੜ ਜਾਂ ਸਿਆਣੇ ਹੋ ਜਾਂਦੇ ਹੋ। ਇਸਦਾ ਉਸ ਦੌਲਤ ਨਾਲ ਕੋਈ ਸਬੰਧ ਨਹੀਂ ਜਿਹੜੀ ਮੈਂ ਕਮਾਉਂਦੀ ਹਾਂ ਅਤੇ ਨਾ ਹੀ ਉਸ ਕੰਮ ਨਾਲ ਜਿਹੜਾ ਮੈਨੂੰ ਕਰਨਾ ਪੈਂਦਾ ਹੈ। ਇਸਦਾ ਸਬੰਧ ਵਾਤਾਵਰਨ ਨਾਲ ਹੈ। ਫਿਲਮੀ ਦੁਨੀਆਂ ਦਾ ਇਹ ਵਾਤਾਵਰਨ ਹੀ ਹੈ ਜਿਸ ਨੇ ਮੈਨੂੰ ਮਰਦਾਵੀਂ ਉਮਰ ਨਾਲੋਂ ਵਧ ਸਿਆਣਾ ਬਣਾ ਦਿਤਾ ਹੈ।'

ਉਹ ਬੜੇ ਮਾਣ ਨਾਲ ਕਹਿੰਦੀ ਹੈ, ਮੇਰਾ ਸਿਆਣੇ ਹੋਣਾ ਬਹੁਤ ਚੰਗੀ ਗਲ ਹੈ, ਸਗੋਂ ਸਭ ਤੋਂ ਚੰਗੀ ਪਤਾ ਨਹੀਂ, ਲੋਕ ਮੇਰੇ ਉਤੇ ਕਿਉਂ ਤਰਸ ਜਿਹਾ ਕਰਦੇ ਹਨ ਕਿ ਮੈਂ ਆਪਣੀ ਮਾਸੂਮੀਅਤ ਉਮਰ ਤੋਂ ਪਹਿਲਾਂ ਗੁਆ ਚੁਕੀ ਹਾਂ। ਇਹ ਗਲਤ ਹੈ ਮੈਂ ਹਾਲਾਂ ਵੀ ਮਾਸੂਮ ਹਾਂ



> ਕੌਣ ਕਹਿੰਦਾ ਹੈ ਮੈਂ ਬਦਲ ਗਈ ਹਾਂ। ਮੈਂ ਕੁਝ ਵਡੀ ਜ਼ਰੂਰ ਹੋ ਗਈ ਹਾਂ ਪਰ ਹਾਲੀ ਵੀ ਮੈਂ ਬਾਲ ਇਸਤਰੀ ਹਾਂ। ਦਿਮਾਗੀ ਤੌਰ ਤੇ ਮੈਂ ਕਈ ਵਾਰ ਬਾਲਗ ਲਗਦੀ ਹਾਂ ਫਿਰ ਵੀ ਬਹੁਤੀ ਵੇਰ ਮੈਂ ਬੱਚਿਆਂ ਵਾਂਗ ਸੋਚਦੀ ਹਾਂ ਪਰ ਅਸਲੋਂ ਹੀ ਬਾਲਾਂ ਵਾਂਗ ਨਹੀਂ ਪਰ ਆਪਣੀ ਉਮਰ ਦੇ ਬੱਚਿਆਂ ਵਾਂਗ। ਆਪਣੀਆਂ ਹਾਨਣਾਂ ਤੋਂ ਸ਼ਾਇਦ ਮੈਂ ਕੁਝ ਤੇਜ਼ੀ ਨਾਲ ਵਡੀ ਹੋਈ ਹੋਵਾਂ ਅਤੇ ਕੁਝ ਪ੍ਰੌੜ ਵੀ ਹੋ ਗਈ ਹੋਵਾਂ ਪਰ ਫ਼ਿਲਮੀ ਦੁਨੀਆਂ ਵਿਚ ਆਪਣੀ ਹੋਂਦ ਕਾਇਮ ਰਖਣ ਲਈ ਇਹ ਜ਼ਰੂਰੀ ਵੀ ਹੈ ਕਿ ਆਪਣੀ ਉਮਰ ਨਾਲੋਂ ਕੁਝ ਸਿਆਣੀ ਬਣਾਂ।



ਰਾਜੇਸ਼ ਖੰਨਾ ਤੇ ਹੇਮਾ ਮਾਲਿਨੀ



ਪਦਮਨੀ ਕੋਹਲਾਪੁਰੀ



ਟੀਨਾ ਮੁਨੀਮ


# MANN MUSIC VIDEO & PHOTO STUDIO

ਫ਼ੋਨ : 321-6667

6512 Main St.(49th Ave.) VANCOUVER, B.C.

Mail Order Accepted

ਏ. ਐਸ. ਕੰਗ ਦੇ ਸ਼ੋਅ ਦੀਆਂ ਟੇਪਾਂ ਬਣ ਕੇ ਤਿਆਰ ਹੋ ਗਈਆਂ ਹਨ

ਸੇਫ ਡਰਾਈਵਿੰਗ ਗਾਈਡ ਬੁੱਕ ਵੀ ਤੁਹਾਨੂੰ ਇਥੋਂ ਮਿਲ ਸਕਦੀ ਹੈ

5 Minutes Passport Service Available

ਅਵਤਾਰ ਸਿੰਘ ਭੌਰਾ ਦੇ ਢਾਡੀ ਜੱਥੇ ਦੀ ਆਵਾਜ਼ ਵਿਚ ਵਿਸਾਖੀ ਦਾ ਪ੍ਰਸੰਗ ਟੇਪ ਮਾਨ ਮਿਊਜ਼ਿਕ ਵੀਡੀਓ ਤੇ ਰੀਲੀਜ਼ ਹੋ ਗਈ ਹੈ

83 ਨੰਬਰ ਨਵੇਂ ਗਾਣਿਆਂ ਦੀ ਟੇਪ, ਜਿਸ ਵਿਚ ਮੁਹੰਮਦ ਸਦੀਕ, ਰਣਜੀਤ ਕੌਰ ਅਤੇ ਸੁਰਿੰਦਰ ਛਿੰਦਾ ਦੀਆਂ ਕਲੀਆਂ ਹਨ

ਵਿਆਹ ਦੀ ਵੀਡੀਓ ਮੂਵੀ ਤੇ ਫੋਟੋ ਖਿਚਵਾਉਣ ਲਈ ਬਾਹਰਲੇ ਸ਼ਹਿਰਾਂ ਵਿਚ ਵੀ ਪ੍ਰਬੰਧ ਹੈ

ਸ੍ਰੀ ਗੁਰੂ ਗ੍ਰੰਥ ਸਾਹਿਬ—ਅੰਗਰੇਜ਼ੀ ਵਿਚ—ਚਾਰ ਜਿਲਦਾਂ

ਜਸਵੰਤ ਕੰਵਲ ਦਾ ਨਵਾਂ ਨਾਵਲ — ਮੋੜਾ, ਚਰਚਿਤ 'ਲਹੂ ਦੀ ਲੋਅ', ਮੁਮਲ

ਧਾਰਮਿਕ ਕਿਤਾਬਾਂ - ਸਟੀਕਾਂ

ਅੰਮ੍ਰਿਤਾ ਪ੍ਰੀਤਮ ਦੇ ਸਾਰੇ ਨਾਵਲ

84 ਨੰਬਰ ਨਵੇਂ ਗਾਣਿਆਂ ਦੀ ਟੇਪ
(ਗੁਲਸ਼ਨ ਕੋਮਲ, ਸੁਰਿੰਦਰ ਛਿੰਦਾ, ਕਰਤਾਰ ਰਮਲਾ, ਜਗਮੋਹਨ ਕੌਰ ਤੇ ਹੋਰ ਬਹੁਤ ਸਾਰੇ ਗਾਇਕ)

Rent Exchange or Buy
Guaranted Clear Print

New Movies :—
Asha Jyoti, All Rounder, Mati Mange Khoon, Mera Dost Mera Dushman, Kunwari Bahu,

(ਪੰਨਾ 7 ਦੀ ਬਾਕੀ)

ਨਾਲ ਮਿਲ ਕੇ ਲੋਕਾਂ ਨੂੰ ਗੁਮਰਾਹ ਕਰਦੇ ਹਨ। ਇਹ ਕੁਝ ਈਸਾਈਆਂ ਵਿਚ ਵੀ ਹੁੰਦਾ ਹੈ, ਮੁਸਲਮਾਨਾਂ ਵਿਚ ਹੁੰਦਾ ਹੈ, ਹਿੰਦੂਆਂ ਵਿਚ ਹੁੰਦਾ ਹੈ ਤੇ ਸਿੱਖਾਂ ਵਿਚ ਵੀ ਹੁੰਦਾ ਹੈ। ਇਸ ਨਾਟਕ ਦਾ ਲੇਖਕ ਗੁਰਸ਼ਰਨ ਸਿੰਘ ਪੰਜਾਬੀ ਹੈ ਅੰਮ੍ਰਿਤਸਰ ਰਹਿੰਦਾ ਹੈ ਉਹਨੇ ਆਪਣੀ ਗੱਲ ਕਹਿਣ ਲਈ ਪਾਤਰ ਵੀ ਸਿਖ ਚੁਣੇ। ਪਰ ਵਿਚਲੀ ਗੱਲ ਤਾਂ ਉਹ ਇਹੋ ਕਹਿ ਰਿਹਾ ਹੈ ਕਿ ਕਈ ਇਹੋ ਜਿਹੇ ਲੀਡਰ ਹੁੰਦੇ ਹਨ ਉਹਨਾਂ ਤੋਂ ਚੇਤੰਨ ਰਹੋ। ਕੀ ਲੋਕਾਂ ਨੂੰ ਉਹਨਾਂ ਦੇ ਹੱਕਾਂ ਪ੍ਰਤੀ ਚੇਤੰਨ ਕਰਨਾ ਮਾੜੀ ਗੱਲ ਹੈ? ਜਾਂ ਕੀ ਇਹ ਇਤਰਾਜ਼ ਨਾਟਕਕਾਰ ਵਲੋਂ ਸਿਖ ਪਾਤਰ ਵਰਤਣ ਤੇ ਹੈ? ਕੀ ਸਿੱਖਾਂ ਵਿਚ ਇਹੋ ਜਿਹੇ ਲੀਡਰ ਨਹੀਂ ਹੁੰਦੇ? ਜੇ ਕੋਈ ਸਾਬਤ ਕਰ ਦੇਵੇ ਕਿ ਸਾਡੇ ਸਿੱਖਾਂ ਵਿਚ ਇਹੋ ਜਿਹੇ ਲੀਡਰ ਨਹੀਂ ਤਾਂ ਬਹੁਤ ਵਧੀਆ ਗੱਲ ਹੈ ਫੇਰ ਤਾਂ ਇਸ ਡਰਾਮੇ ਦਾ ਉਦਾਂ ਈ ਕਿਸੇ ਨੂੰ ਕੋਈ ਡਰ ਨਹੀਂ ਹੋਣਾ ਚਾਹੀਦਾ।

ਆਪਣੇ ਖਤ ਦੇ ਅਖੀਰ ਵਿਚ ਇਹ ਸੱਜਣ ਸੁਝਾਅ ਦਿੰਦੇ ਹਨ ਕਿ "ਇਹੋ ਜਿਹੇ ਡਰਾਮੇ ਜਿਥੇ ਵੀ ਹੋਣ ਉਹਨਾਂ ਨੂੰ ਬੰਦ ਕਰਾਇਆ ਜਾਵੇ" ਅਸੀਂ ਤਾਂ ਸਮਝਦੇ ਸੀ ਕਿ ਇਹ ਸਖਸ਼ ਇਸ ਗੱਲ ਨਾਲ ਸਹਿਮਤ ਹੈ ਕਿ ਹਰ ਕਿਸੇ ਨੂੰ ਇਕੋ ਜਿਹੇ ਹੱਕ ਹੋਣੇ ਚਾਹੀਦੇ ਹਨ ਕਿਉਂਕਿ ਪੰਜਾਬ ਵਿਚ ਚੱਲ ਰਹੀ ਲੜਾਈ ਵੀ ਤਾਂ ਆਖਿਰ ਹੱਕਾਂ ਬਾਰੇ ਹੀ ਹੈ। ਪਰ ਇਹਨਾਂ ਦੀ ਆਖਰੀ ਗੱਲ ਤੋਂ ਲਗਦਾ ਹੈ ਕਿ ਦੂਜੇ ਲੋਕਾਂ ਦੇ ਹੱਕ ਖੋਹਣ ਦੀ ਸਲਾਹ ਦੇ ਰਿਹਾ ਹੈ। ਇਹ ਕਿਸ ਕਿਸਮ ਦੀ ਬਰਾਬਰਤਾ ਤੇ ਇਨਸਾਫ ਹੈ?

ਅਸੀਂ ਜਾਤੀ ਤੌਰ 'ਤੇ ਇਹਨਾਂ ਦੋਹਾਂ ਖਤਾਂ ਦੇ ਲੇਖਕਾਂ ਨੂੰ ਨਹੀਂ ਜਾਣਦੇ ਤੇ ਨਾ ਹੀ ਇਹਨਾਂ ਸੱਜਣਾਂ ਨਾਲ ਸਾਡਾ ਕੋਈ ਜਾਤੀ ਵਿਰੋਧ ਹੈ। ਸਾਡੇ ਡਰਾਮਿਆਂ ਬਾਰੇ ਇਹਨਾਂ ਨੇ ਪਾਠਕਾਂ ਸਾਹਮਣੇ ਗਲਤ ਤਸਵੀਰ ਪੇਸ਼ ਕੀਤੀ ਹੈ ਜਿਸ ਬਾਰੇ ਸਾਨੂੰ ਆਪਣੇ ਵਿਚਾਰ ਪੇਸ਼ ਕਰਨੇ ਪਏ। ਵਖੋ ਵੱਖਰੇ ਵਿਚਾਰ ਰੱਖਣ ਵਾਲਿਆਂ ਲਈ ਵਿਚਾਰ ਵਿਟਾਂਦਰਾ ਕਰਨਾ ਇਕ ਚੰਗੀ ਰੁਚੀ ਹੈ ਤੇ ਇਹਦੇ ਨਾਲ ਹੀ ਅਸੀਂ ਇਕ ਦੂਜੇ ਤੋਂ ਕੁਝ ਸਿਖ ਸਿਖਾ ਸਕਦੇ ਹਾਂ। ਪਰ ਇਹੋ ਜਿਹੇ ਮੌਕੇ ਸਭਿਆ ਰਹਿਣਾ ਬੜਾ ਜ਼ਰੂਰੀ ਹੈ। ਬਿਨ੍ਹਾਂ ਅਸਲੀਅਤ ਜਾਣੇ ਤੋਂ ਕਿਸੇ ਨੂੰ ਕਹੀ ਜਾਣਾ ਪਈ "ਕਾਂਗਰਸ ਦੇ ਚਮਚੇ" ਹਨ, ਜਾਂ 'ਨਾਟਕ ਕਰਨ ਵਾਲੇ ਮਾਇਆ ਲਈ ਸਭ ਕੁਝ ਵੇਚ ਦਿੰਦੇ ਹਨ' ਜਾਂ ਜੇ ਕਿਸੇ ਦੇ ਨਾਂ ਨਾਲ ਸਿੰਘ ਨਹੀਂ ਤਾਂ ਉਹ ਆਦਮੀ ਨਹੀਂ ਹੈਵਾਨ ਹੈ' — ਇਹੋ ਜਿਹੀਆਂ ਗੱਲਾਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

**ਵੈਨਕੂਵਰ ਸੱਥ**

## ਬੱਚਿਆਂ ਲਈ
## ਬੁੱਝ ਸਕੋਂ ਤਾਂ ਬੁੱਝੋ

1. ਇਕ ਬਾਤ ਕਰਤਾਰੋਂ ਪਾਈਏ
ਲਕੜੀਆਂ ਵਿਚ ਵੱਸੇ
ਘਿਓ ਲਾਈਏ ਤਾਂ ਰੋਵੇ ਪਿੱਟੇ
ਸੁਆਹ ਲਾਈਏ ਤਾਂ ਹੱਸੇ

2. ਬਾਤ ਪਾਵਾਂ ਬਤੋਲੀ ਪਾਵਾਂ
ਬਾਹਤ ਨੂੰ ਲਾਵਾਂ ਆਰੀਆਂ
ਜਦ ਮੈਂ ਉਸ ਦਾ ਕੰਨ ਮਰੋੜਾਂ
ਗੱਲਾਂ ਕਰੇ ਕਰਾਰੀਆਂ

3. ਮੈਂ ਬੈਠਾ ਹਾਂ ਵਿਚ ਜਲੰਧਰ
ਔਹ ਹੁਣ ਦਿੱਲੀ ਆਈ
ਵਾਗ੍ਹੇਦੀ ਸਰਹੱਦ ਟੱਪ ਗਿਆ
ਸੂਈ ਜਦੋਂ ਘੁਮਾਈ

4. ਵੱਡੀ ਨੇ ਕੁਤਰਾ ਕੀਤਾ
ਛੋਟੀ ਨੇ ਇਕੱਠਾ ਕੀਤਾ
ਵਾਹ ਨੀ ਛੋਟੀਏ
ਬੜਾ ਹੀ ਕੰਮ ਕੀਤਾ

5. ਖਾਲ 'ਚ ਟਾਂਡਾ ਸਭ ਦਾ ਸਾਂਝਾ

6. ਇੰਨੀ ਕੁ ਡੱਡ
ਕਦੇ ਨਾਲ ਕਦੇ ਅੱਡ

7. ਤੇਰੀ ਮਾਂ ਦੀਆਂ ਖੂਹ ਵਿਚ ਲੱਤਾਂ

8. ਜੀਹਦੇ ਵੱਜੇ ਉਸਨੂੰ ਮਾਰੇ
ਹੈ ਪੂਰਾ ਹਤਿਆਰਾ
ਨਾਂ ਉਸ ਨੂੰ ਫਾਂਸੀ ਲੱਗੇ
ਨਾ ਜੇਲ ਹੋਵੇ ਲੱਗੇ ਸਭ ਨੂੰ ਪਿਆਰਾ

9. ਸਵੇਰੇ ਸਵੇਰੇ ਲੱਕ ਬੰਨ ਕੇ
ਇਕ ਸਿਪਾਹੀ ਵਿਹੜੇ ਫਿਰ ਗਿਆ

10. ਉਹ ਕੇਹੜੀ ਚੀਜ਼ ਹੈ
ਜਹਿੜੀ ਹਰ ਵੇਲੇ ਚਲਦੀ ਹੈ

### ਪਿਛਲੀਆਂ ਬੁਝਾਰਤਾਂ ਦੇ ਉੱਤਰ

1. ਸੂਈ ਧਾਗਾ 2. ਘੁਮਾਰਾਂ ਦੀਆਂ ਗੂਣਾਂ 3. ਚੱਕੀ 4. ਤੰਦੂਰ 5. ਦਾਤੀ 6. ਦੀਵਾ ਤੇ ਬੱਤੀ 7. ਦੀਵਾ ਤੇ ਬੱਤੀ 8. ਮਾਚਸ 9. ਮੰਜਾ 10. ਰੰਦਾ

## ਵਿਅੰਗ
## ਨਹੀਂ ਖਲਕ ਦੀ ਬੰਦ ਜ਼ਬਾਨ ਹੁੰਦੀ

**ਸੰਤ ਸੰਧੂ**

**ਦਰਬਾਰਾ ਸਿੰਘ —**
ਮੇਰਾ ਪੋਸਤ, ਭੰਗ, ਅਫੀਮ ਲੁੱਟੀ, ਹੋਰ ਨਿਆਮਤਾਂ ਦਾ ਕੇਹਾ ਨਾਂ ਮੀਆਂ

**ਗਵਰਨਰੀ ਰਾਜ —**
ਸਾਫਾ, ਸੰਗਲੀ, ਚਿਮਟਾ, ਕਿੰਗ, ਬਗਲੀ, ਨਾਦ, ਸਿਮਰਨਾ, ਧੂਪ ਖਿਲਾਰੀਆਂ ਨੇ —

**ਸੰਤ ਤੇ ਪੰ. ਸਰਕਾਰ —**
ਦੋ ਸਿੰਘ ਸੂਰਮੇ ਜੀ, ਵੱਢ ਕੇ ਸਿਰ ਮੱਸੇ ਦਾ ਲੈ ਗਏ —

**ਪੰਜਾਬ ਸਮੱਸਿਆ —**
ਭੈਣ ਬਖਤੌਰੇ ਦੀ, ਲੰਡੇ ਊਠ ਨੂੰ ਸ਼ਰਾਬ ਪਿਲਾਵੇ —

**ਦਲ ਤੇ ਅਹਿੰਸਾ —**
ਊਠ ਆਪਣੀ ਜ਼ਬਾਨੋਂ ਬੋਲੇ, ਨਾ ਡਰ ਭੈਣ ਮੇਰੀਏ —

**ਭਿੰਡਰਾਂਵਾਲਾ —**
ਕੀਲੇ ਪੱਟ ਸਿਟਾਂ, ਤੰਬੂ ਚੱਕ ਸਿਟਾਂ, ਬੈਠੀ ਰੋਵੇਂਗੀ ਇਨ੍ਹਾਂ ਟਿਕਾਣਿਆਂ ਨੂੰ —

**ਖੱਸੀ ਕੇਂਦਰ ਤੇ ਅਸ਼ਾਂਤੀ —**
ਸਾਨੂੰ ਘੜੀ ਦੀ ਕੁਝ ਉਮੈਦ ਨਾਹੀਂ, ਅੱਜ ਰਾਤ ਪ੍ਰਸ਼ਾਦ ਕਿਨ ਚੱਖਣਾ ਈ —

(ਸੰਪਰਕ ਦੇ ਧੰਨਵਾਦ ਸਹਿਤ)

ਖ਼ਬਰ ਨਹੀਂ ਸੀ ਕਦੇ ਇਹ ਵੀ ਕਹਿਰ ਵਰਤੇਗਾ,
ਅਜੇ ਮੈਂ ਧੁਖਣ ਹੀ ਲੱਗਾ ਸਾਂ, ਉਹ ਹਵਾ ਹੋਇਆ।

ਤਿਲਕ ਕੇ ਜਾ ਨ ਪਈਂ ਸ਼ੰਕਿਆਂ ਦੀ ਖਾਈ ਵਿਚ,
ਤਲੀ ਤੇ ਗਿਆਨ ਦੇ ਸੂਰਜ ਨੂੰ ਬੋਚਦਾ ਹੋਇਆ।

ਬਸ ਏਨਾ ਯਾਦ ਹੈ ਹੜ੍ਹ ਵਾਂਗ ਉਹ ਉਮਡਿਆ ਸੀ,
ਪਤਾ ਨਹੀਂ ਕਿਵੇਂ ਫਿਰ ਕੂਲ੍ਹ ਤੋਂ ਤਲਾ ਹੋਇਆ।

## ਫੋਰਟ ਨੈਲਸਨ ਵਿਚ ਵਾਲੀਵਾਲ ਦਾ ਮੈਚ



ਐਫ. ਐਨ. ਆਈ ਤੇ ਟੈਕਮਾ ਦੀ ਟੀਮਾਂ ਵਿਚਕਾਰ

ਖੱਬੇ ਹੱਥ — ਦਰਸ਼ਨ ਸਿੰਘ ਗਿੱਲ, ਸ੍ਰੀ ਬਰਾੜ, ਬਲਵਿੰਦਰ ਸਰਾਂ, ਨਿਰਮਲ ਸੰਧੂ, ਜਗਦੇਵ ਜਟਾਣਾ, ਜੋਗਿੰਦਰ ਚੀਮਾ
ਸੱਜੇ (ਤਸਵੀਰ ਵਿਚ) ਪ੍ਰੀਤਮ ਸੰਧੂ, ਹਰਬੰਸ ਸੰਧੂ ਤੇ ਨਰਿੰਦਰ ਗਿੱਲ

## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1
Phone (604)321-6360

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.................................................
Address.............................................
City...................................................
Province............................................
Postal code........................................
PHONE.

| | |
|---|---|
| One Year | 20 dollars |
| Two Year | 35 dollars |
| Three year | 50 dollars |
| Life membership | 200 dollars |
| ASIA | 80 dollars(a year) |
| U.S.A. | 25 dollars(a year) |
| Europe | 80 dollars(a year) |
| Africa | 80 dollars(a year) |


DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

*CONTACT:*

**PAUL'S**



**PLUMBING & ELECTRICAL SUPPLY**

4774 Main Street, (At 32nd.)
Vancouver, B.C.

PH: 872-3118 (Supply)
872-7227 (Service)

"Free customer parking at rear" OPEN SUNDAYS


### ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
### ਕ੍ਰਿਪਾ ਕਰਕੇ ਸਾਨੂੰ ਜਰੂਰ ਦੱਸੋ।

ਚਿਟ ਨੰਬਰ------------------------
ਪੁਰਾਣਾ ਪਤਾ--------------------------------
----------------------------------------
----------------------------------------
----------------------------------------
ਨਵਾਂ ਪਤਾ ਸਟਰੀਟ/ਐਵੇਨਿਊ------------------
ਟਾਊਨ------------------------------------
ਸਟੇਟ-------------------------------------
ਪੋਸਟਲ ਕੋਡ--------------------------------
ਫੋਨ ਨੰਬਰ---------------------------------


**ਸਵ੍ਰ ਸਾਗਰ ਰੇਡੀਓ ਪ੍ਰੋਗਰਾਮ**

ਸਵ੍ਰ ਸਾਗਰ ਪ੍ਰੋਗਰਾਮ ਨੂੰ ਸੁਣਨੋ ਨਾ ਭੁਲੋ

Ph.: 299-6767 Or 253-7596 24 hours. Pager 9090

ਹਿੰਦੀ ਅਤੇ ਪੰਜਾਬੀ ਦਾ ਹਰਮਨ ਪਿਆਰਾ ਰੇਡੀਓ ਪ੍ਰੋਗਰਾਮ

**ਹਰ ਐਤਵਾਰ ਸਵੇਰੇ ਤੇ ਸ਼ਾਮ**

ਰੇਡੀਓ ਤੇ ਸੀ. ਜੇ. ਸੀ(CJJC 800 AM DIAL)

Sunday Entertainment:

ਹਰ ਐਤਵਾਰ
**ਸਵੇਰੇ**
10:05 ਤੋਂ 11:00

ਹਰ ਐਤਵਾਰ
**ਸ਼ਾਮ**
7:05 ਤੋਂ 8:00



Producer
Manjit Virdi


CANADIAN SURPLUS INC.
VALLEY WEST SHOPPING CENTRE
19535 FRASER HWY, SURREY
530-1211
OPEN 7 DAYS A WEEK
PROSONIC
PQR-7700
BLOW-OUT PRICE
$156.95
OPTONICA
Both sides play linear tracking disk player
LIST PRICE $449.95
BLOW-OUT PRICE
$299.95
BOTH SIDES PLAY LINEAR TRACKING
APSS
Auto Program Search System
RP-114C
M 9927 SANYO
BLOW-OUT PRICE $199.95
SHARP
Stereo music center
•Speakers included•
List price $449.95
BLOW-OUT PRICE $329.95
SG-5C
M 9818 SANYO
BLOW-OUT PRICE $149.95
SANYO V.C.R.
90 DAYS INTEREST FREE
O.A.C.
M 7755 SANYO
BLOW-OUT PRICE $259.95
VCR 4590 $499.95
GF-5454C SHARP
BLOW-OUT PRICE $219.95
$549.95
VCR 4500
SHARP
RT-350 BLOW-OUT PRICE $289.95
$1199.95
VCR 7200